# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times 18 ਅਪ੍ਰੈਲ 2024 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸ: ਗੁਰਜੀਤ ਔਂਜਲਾ (ਐਮ.ਪੀ.) ਅੰਮ੍ਰਿਤਸਰ ਦੇ ਗ੍ਰਹਿ ਵਿਖੇ ਵਿਸ਼ਵ ਪ੍ਰਸਿੱਧ ਸ਼ਾਇਰਾ ਕੁਲਵੰਤ ਕੌਰ ਚੰਨ (ਫਰਾਂਸ) ਦਾ ਹੋਇਆ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ



ਅੰਮ੍ਰਿਤਸਰ 18 ਅਪ੍ਰੈਲ : ਪੰਜਾਬੀ ਸਾਹਿਤ ਦੀ ਮਹਾਨ ਸ਼ਾਇਰਾ ਕੁਲਵੰਤ ਕੌਰ ਚੰਨ ਫਰਾਂਸ ਦਾ ਵਿਸ਼ੇਸ਼ ਸਨਮਾਨ ਕਰਨ ਲਈ ਮੈਂਬਰ ਪਾਰਲੀਮੈਂਟ ਸ. ਗੁਰਜੀਤ ਸਿੰਘ ਔਂਜਲਾ ਦੇ ਗ੍ਰਹਿ ਵਿਖੇ ਇੱਕ ਵਿਸ਼ੇਸ਼ ਸਾਹਿਤਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ, ਮਾਣ ਪੰਜਾਬੀਆਂ 'ਤੇ ਅੰਤਰਰਾਸ਼ਟਰੀ ਸਾਹਿਤਕ ਮੰਚ ਇੰਗਲੈਂਡ ਦੇ ਪ੍ਰਧਾਨ ਲੈਕ. ਰਾਜਬੀਰ ਕੌਰ 'ਬੀਰ' ਗਰੇਵਾਲ ਵੱਲੋਂ ਉਚੇਚੇ ਯਤਨ ਕੀਤੇ ਗਏ। ਇਸ ਸਮਾਰੋਹ ਵਿੱਚ ਸ਼੍ਰੀ ਮਤੀ ਅੰਦਲੀਬ ਔਂਜਲਾ, ਲੈਕ. ਰਾਜਬੀਰ ਕੌਰ 'ਬੀਰ' ਗਰੇਵਾਲ, ਡਾ.ਗਗਨ, ਡਾ. ਅਜੈਪਾਲ ਢਿੱਲੋ ਤੇ ਹੋਰ ਸਖਸ਼ੀਅਤਾਂ ਵੱਲੋਂ ਕੁਲਵੰਤ ਕੌਰ ਚੰਨ (ਪ੍ਰਧਾਨ ਅੰਤਰ-ਰਾਸ਼ਟਰੀ ਪੰਜਾਬੀ ਸੁਰਸੰਗਮ ਫਰਾਂਸ) ਨੂੰ ਫੁਲਕਾਰੀ ਤੇ"ਅੰਮ੍ਰਿਤਾ ਪ੍ਰੀਤਮ" ਐਵਾਰਡ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਵੱਖ ਵੱਖ ਸ਼ਖਸ਼ੀਅਤਾਂ ਵੱਲੋਂ ਮੈਡਮ ਚੰਨ ਅਤੇ ਚੇਅਰਮੈਨ ਸ. ਰਣਜੀਤ ਸਿੰਘ ਫਰਾਂਸ ਜੀ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਉਹਨਾਂ ਦਾ ਹਾਰਦਿਕ ਸਵਾਗਤ ਕੀਤਾ ਗਿਆ। ਇਹ ਛੋਟਾ ਜਿਹਾ ਸਮਾਗਮ ਬੜਾ ਹੀ ਭਾਵਪੂਰਕ ਹੋ ਨਿਬੜਿਆ। ਜਿੱਥੇ ਪੰਜਾਬੀ ਮਾਂ ਬੋਲੀ ਲਈ ਮੈਡਮ ਚੰਨ ਜੀ ਵੱਲੋਂ ਘਾਲਨਾਵਾਂ ਦਾ ਜ਼ਿਕਰ ਕੀਤਾ ਗਿਆ ,ਉੱਥੇ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਖਾਲਸਾ ਪੰਥ ਦੇ ਸਿਰਜਣਾ ਦਿਵਸ ਨੂੰ ਮੁੱਖ ਰੱਖ ਕੇ ਕਵੀ ਦਰਬਾਰ ਦਾ ਸਫਲ ਸੰਚਾਲਨ ਕੀਤਾ ਗਿਆ।ਮੈਡਮ ਚੰਨ, ਡਾ.ਗਗਨ, ਰਾਜਬੀਰ ਕੌਰ 'ਬੀਰ' ਗਰੇਵਾਲ,ਡਾ. ਅਜੈਪਾਲ ਢਿੱਲੋ, ਸ. ਅਜੀਤ ਸਿੰਘ ਨਬੀਪੁਰ,ਨਿਖਲ ਤੇ ਸਰਬਜੀਤ ਸਿੰਘ ਵੱਲੋਂ ਕੀਤਾ ਗਿਆ ਕਵਿਤਾ ਪਾਠ ਅਨੋਖੀ ਤੇ ਅਮਿੱਟ ਛਾਪ ਵਿੱਚ ਸਫਲ ਰਿਹਾ। ਉਭਰਦੇ ਪੰਜਾਬੀ ਲੋਕ ਗਾਇਕ ਆਕਾਸ਼ਦੀਪ ਸਿੰਘ ਵੱਲੋਂ ਡਾ. ਗਗਨ ਦਾ ਲਿਖਿਆ ਗੀਤ ਪੇਸ਼ ਕੀਤਾ ਗਿਆ ਜੋ ਕੀ ਅਤਿ ਸਲਾਹੁਣਯੋਗ ਰਿਹਾ। ਅਕਾਸ਼ਦੀਪ ਦੀ ਸੁਰੀਲੀ ਅਵਾਜ ਨੇ ਸਰੋਤਿਆ ਨੂੰ ਮੰਤਰ ਮੁਗਦ ਕਰ ਦਿੱਤਾ। ਸ. ਰਣਜੀਤ ਸਿੰਘ ਫਰਾਂਸ ਜੀ ਤੇ ਸਰਦਾਰ ਮਹਿੰਦਰ ਸਿੰਘ ਜੀ ਵੱਲੋਂ ਔਂਜਲਾ ਪਰਿਵਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਮਾਣ ਪੰਜਾਬੀਆਂ 'ਤੇ ਅੰਤਰਰਾਸ਼ਟਰੀ ਸਾਹਿਤਕ ਮੰਚ ਇੰਗਲੈਂਡ ਦੇ ਚੇਅਰਮੈਨ ਤੇ ਵਿਸ਼ਵ ਪ੍ਰਸਿੱਧ ਲੇਖਕ ਸਰਦਾਰ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ, ਸ. ਸੁਖਜਿੰਦਰ ਸਿੰਘ ਔਂਜਲਾ ਵਲੋਂ ਮੈਡਮ ਚੰਨ ਦਾ ਸ੍ਰੀ ਅੰਮ੍ਰਿਤਸਰ ਪਹੁੰਚਣ ਤੇ ਤਹਿ ਦਿਲੋਂ ਧੰਨਵਾਦ ਕੀਤਾ।

## ਲੋਕ ਮੁੱਦਿਆਂ ਪ੍ਰਤੀ ਸਰਗਰਮ ਹੋਇਆ ਸਤਲੁਜ ਪ੍ਰੈੱਸ ਕਲੱਬ ਰੋਪੜ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ

ਰੋਪੜ, 18 ਅਪ੍ਰੈਲ : ਅੱਜ ਸਤਲੁਜ ਪ੍ਰੈੱਸ ਕਲੱਬ ਦੀ ਮੀਟਿੰਗ ਪ੍ਰਧਾਨ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਵਾਟਰ ਲਿੱਲੀ ਹੋਟਲ ਵਿਖੇ ਹੋਈ। ਜਿੱਥੇ ਲੋਕਾਂ ਤੇ ਪੱਤਰਕਾਰਾਂ ਦੇ ਮੁੱਦਿਆਂ ਅਤੇ ਉਹਨਾਂ ਦੇ ਹੱਲ ਬਾਬਤ ਲਗਾਤਾਰ ਸਰਗਰਮ ਹੋ ਕੇ ਕੰਮ ਕਰਨ ਨੂੰ ਤਰਜੀਹ ਦੇਣ ਸੰਬੰਧੀ ਵਿਚਾਰ ਚਰਚਾ ਕੀਤੀ ਗਈ। ਪ੍ਰਧਾਨ ਸਾਹਬ ਨੇ ਕਿਹਾ ਕਿ ਲੋਕਸ਼ਾਹੀ ਦੇ ਚੌਥੇ ਥੰਮ ਵਜੋਂ ਜਾਣੇ ਜਾਂਦੇ ਮੀਡੀਆ (ਪੱਤਰਕਾਰਤਾ) ਦਾ ਫਰਜ ਬਣਦਾ ਹੈ ਕਿ ਉਹ ਆਮ ਲੋਕਾਂ ਦੀਆਂ ਸਮੱਸਿਆਵਾਂ ਸਮੇਂ ਸਮੇਂ 'ਤੇ




ਸ਼ਾਸਨ/ਪ੍ਰਸ਼ਾਸਨ ਤੱਕ ਅਤੇ ਸ਼ਾਸ਼ਨ/ਪ੍ਰਸ਼ਾਸਨ ਦੀਆਂ ਲੋਕ ਭਲਾਈ ਸਕੀਮਾਂ ਆਦਿ ਲੋਕਾਂ ਤੱਕ ਪਹੁੰਚਾਉਣ ਵਿੱਚ ਪੁਲ ਦਾ ਕੰਮ ਕਰੇ। ਇਸ ਮੌਕੇ ਅਸ਼ੋਕ ਤਲਵਾਰ, ਅਵਤਾਰ ਸਿੰਘ ਕੰਬੋਜ, ਸ਼ਮਸ਼ੇਰ ਸਿੰਘ ਬੱਗਾ, ਦਰਸ਼ਨ ਸਿੰਘ ਗਰੇਵਾਲ, ਅਮਰ ਸ਼ਰਮਾ, ਗੁਰਵਿੰਦਰ ਸਿੰਘ ਸੋਨਾ, ਸੋਮਰਾਜ ਸ਼ਰਮਾ, ਧਰੁਵ ਨਾਰੰਗ, ਮਨਪ੍ਰੀਤ ਸਿੰਘ ਤੋਕੀ, ਜਸਵਿੰਦਰ ਸਿੰਘ ਕੋਰੇ, ਵਿਜੇ ਕਪੂਰ, ਗੁਰਬਿੰਦਰ ਸਿੰਘ (ਰੋਮੀ ਘੜਾਮੇ ਵਾਲਾ), ਰਾਕੇਸ਼ ਕੁਮਾਰ, ਅਸ਼ੋਕ ਕੁਮਾਰ, ਗੁਰਮੀਤ ਸਿੰਘ ਟੋਨੀ, ਮੁਖਤਿਆਰ ਅਹਿਮਦ, ਦਵਿੰਦਰ ਸ਼ਰਮਾ, ਰਾਧੇ ਸ਼ਾਮ, ਓਂਕਾਰ ਸਿੰਘ, ਮਨਦੀਪ ਸਿੰਘ, ਸੰਜੀਵ ਠਾਕੁਰ, ਅਨਿਲ ਸ਼ਰਮਾ ਅਤੇ ਹੋਰ ਹਾਜ਼ਰ ਸਨ।

## ਪ੍ਰਿੰਸੀਪਲ ਮੈਡਮ ਪ੍ਰਿਅੰਕਾ ਮਹਿਤਾ ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਵਿਸ਼ੇਸ਼ ਸਨਮਾਨ ਮਿਲਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 18 ਅਪ੍ਰੈਲ : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਮਿਤੀ 17 ਅਪ੍ਰੈਲ ਬੀ ਆਰ ਸੀ ਹਾਲ ਬੀ ਪੀ ਈ ਓ ਦਫ਼ਤਰ ਜੈਤੋ ਵਿਖੇ ਅਧਿਆਪਕ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਅਧਿਆਪਨ ਖੇਤਰ ਵਿੱਚ ਵਿਸ਼ੇਸ਼ ਅਤੇ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ, ਜਿਸ ਵਿੱਚ ਸਿਲਵਰ ਓਕਸ ਸਕੂਲ ਦੇ ਪ੍ਰਿੰਸੀਪਲ ਮੈਡਮ ਪ੍ਰਿਅੰਕਾ ਮਹਿਤਾ ਨੂੰ ਵੀ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਉੱਥੇ ਪਹੁੰਚੇ ਹੋਏ ਸਮੂਹ ਅਧਿਆਪਕਾਂ ਨੂੰ ਅਧਿਆਪਕ ਦੇ ਹਿੱਤਾਂ 'ਤੇ ਇੱਕ ਬਹੁਤ ਹੀ ਵਧੀਆ ਪਾਵਰ ਪੁਆਇੰਟ ਪੇਸ਼ਕਾਰੀ ਦਿਖਾਈ ਗਈ। ਇੱਥੇ ਪਹੁੰਚੇ ਹੋਏ ਬਹੁਤ ਹੀ ਸਤਿਕਾਰਯੋਗ ਪ੍ਰੋਫੈਸਰ ਮਨਿੰਦਰ ਸਿੰਘ ਡਾਇਰੈਕਟਰ ਹਿਊਮਨ ਰਿਸੋਰਸ ਡਿਵੈਲਪਮੈਂਟ ਵੱਲੋਂ ਅਧਿਆਪਨ ਦੇ ਵਿਸ਼ੇ 'ਤੇ ਗੱਲਬਾਤ ਕਰਦਿਆਂ ਆਖਿਆ ਕਿ ਅਧਿਆਪਨ ਕੇਵਲ ਕਿੱਤਾ ਨਾ ਹੋ ਕੇ ਸਮਾਜ ਵਿੱਚ ਸਭ ਤੋਂ ਵੱਡੀ ਜਿੰਮੇਵਾਰੀ ਹੈ, ਉਹਨਾਂ ਵਿਦਿਆਰਥੀਆਂ ਵਿੱਚ ਹੋ ਰਹੇ ਨੈਤਿਕ ਪਤਨ ਕਾਰਨ ਸਮਾਜ ਵਿੱਚ ਆ ਰਹੀਆਂ ਸਮੱਸਿਆਵਾਂ ਬਾਰੇ ਚਰਚਾ ਕਰਦਿਆਂ ਸਮੂਹ ਅਧਿਆਪਕਾਂ ਨੂੰ ਇੰਨਾ ਸਮੱਸਿਆਵਾਂ ਦੇ ਹੱਲ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਉਨਾਂ ਆਪਣੇ ਭਾਸ਼ਣ ਦੌਰਾਨ ਅਧਿਆਪਕ ਵਰਗ ਦੀਆਂ ਸਮਾਜ ਪ੍ਰਤੀ ਬਣਦੀਆਂ ਜਿੰਮੇਵਾਰੀਆਂ ਦ੍ਰਿੜ ਕਰਾਉਂਦਿਆਂ ਆਖਿਆ ਅਧਿਆਪਕ ਉਹ ਪੁੱਲ ਹੁੰਦੇ ਹਨ, ਜਿਨਾਂ ਤੋਂ ਲੰਘ ਕੇ ਵਿਦਿਆਰਥੀ ਆਪਣੇ ਜੀਵਨ ਦੇ ਨਿਸ਼ਾਨਿਆਂ ਤੱਕ ਪਹੁੰਚਦੇ ਹਨ। ਵਿਦਿਆਰਥੀ ਜੀਵਨ ਦਾ ਬਹੁਤ ਸਾਰਾ ਸਮਾਂ ਵਿੱਦਿਅਕ ਅਦਾਰਿਆਂ ਵਿੱਚ ਬੀਤਣ ਕਰਕੇ ਅਧਿਆਪਕਾਂ ਦਾ ਦੀ ਨਿੱਜੀ ਸ਼ਖਸ਼ੀਅਤ ਦਾ ਚੋਖਾ ਪ੍ਰਭਾਵ ਉਸਦੀ ਸ਼ਖਸ਼ੀਅਤ 'ਤੇ ਪੈਂਦਾ ਹੈ। ਇਸ ਮੌਕੇ ਉਨਾਂ ਵੱਲੋਂ ਪ੍ਰਿੰਸੀਪਲ ਮੈਡਮ ਪ੍ਰਿਅੰਕਾ ਮਹਿਤਾ ਨੂੰ ਇੱਕ ਸਫਲ ਅਤੇ ਯੋਗ ਅਧਿਆਪਕ ਹੋਣ ਦਾ ਮਾਣ ਬਖਸ਼ਦਿਆਂ ਵਧਾਈ ਦਿੱਤੀ ਗਈ।

## ਬਾਬਾ ਫਰੀਦ ਪਬਲਿਕ ਸਕੂਲ ਵਿੱਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ 18 ਅਪ੍ਰੈਲ : ਗੁਰੂ ਮਹਾਰਾਜ ਜੀ ਦਾ ਓਟ ਆਸਰਾ ਲੈਂਦੇ ਹੋਏ ਨਵੇਂ ਸੈਸ਼ਨ ਦੇ ਆਗਾਜ਼ ਲਈ ਮਿਤੀ 18 ਅਪ੍ਰੈਲ,2024, ਨੂੰ ਬਾਬਾ ਫਰੀਦ ਪਬਲਿਕ ਸਕੂਲ ਦੇ ਗੁਰਦੁਆਰਾ ਸਾਹਿਬ ਵਿਖੇ ਟਰਾਂਸਪੋਰਟ ਇੰਚਾਰਜ ਰਣਜੀਤ ਸਿੰਘ ਅਤੇ ਟਰਾਂਸਪੋਰਟ ਵਿਭਾਗ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਇਸ ਸਮੇਂ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਸਰਦਾਰ ਸਿਮਰਜੀਤ ਸਿੰਘ ਜੀ ਸੇਖੋਂ,ਪ੍ਰਬੰਧਕ ਡਾ.ਗੁਰਿੰਦਰ ਮੋਹਨ ਸਿੰਘ ਜੀ , ਸਮੂਹ ਕਮੇਟੀ ਮੈਂਬਰ, ਵਾਈਸ ਪ੍ਰਿੰਸੀਪਲ ਸ੍ਰੀਮਤੀ ਹਰਸਿਮਰਨਜੀਤ ਕੌਰ, ਕੋਆਰਡੀਨੇਟਰ ਅਤੇ ਅਧਿਆਪਕ ਸਾਹਿਬਾਨ ਹਾਜ਼ਰ ਸਨ। ਅਰਦਾਸ ਉਪਰੰਤ ਹੁਕਮਨਾਮਾ ਅਦਾਰੇ ਦੀ ਵਾਈਸ ਪ੍ਰਿੰਸੀਪਲ ਸ੍ਰੀਮਤੀ ਹਰਸਿਮਰਨਜੀਤ ਕੌਰ ਜੀ ਨੇ ਲਿਆ।ਵੈਨ ਡਰਾਈਵਰਾਂ ਦੁਆਰਾ ਅਦਾਰੇ ਦੇ ਚੇਅਰਮੈਨ ਸਰਦਾਰ ਸਿਮਰਜੀਤ ਸਿੰਘ ਸੇਖੋਂ, ਪ੍ਰਬੰਧਕ ਡਾ. ਗੁਰਿੰਦਰ ਮੋਹਨ ਜੀ, ਸਾਰੇ ਕਮੇਟੀ ਮੈਂਬਰ ਸਾਹਿਬਾਨ ਅਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਹਰਸਿਮਰਨਜੀਤ ਕੌਰ ਜੀ ਨੂੰ ਸਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਟਰਾਂਸਪੋਰਟ ਵਿਭਾਗ ਦੇ ਕੁਝ ਮੈਂਬਰਾਂ ਨੂੰ ਵੀ ਅਦਾਰੇ ਦੇ ਚੇਅਰਮੈਨ ਅਤੇ ਪ੍ਰਬੰਧਕ ਦੁਆਰਾ ਸਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਅਦਾਰੇ ਦੇ ਚੇਅਰਮੈਨ ਨੇ ਟਰਾਂਸਪੋਰਟ ਵਿਭਾਗ ਨੂੰ ਵਧਾਈ ਦਿੱਤੀ ਅਤੇ ਉਹਨਾਂ ਕਿਹਾ ਕਿ ਮੇਰੀ ਬਾਬਾ ਫਰੀਦ ਜੀ ਅੱਗੇ ਇਹੀ ਅਰਦਾਸ ਹੈ ਕਿ ਬਾਬਾ ਫਰੀਦ ਸੰਸਥਾਵਾਂ ਹਮੇਸ਼ਾ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰਦੀਆਂ ਰਹਿਣ।



## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਹੋਈ

### ਵੱਡੀ ਗਿਣਤੀ ਵਿੱਚ ਡਾ ਸਾਥੀ ਪਹੁੰਚੇ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 18 ਅਪ੍ਰੈਲ : ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ ਪੰਜਾਬ ਬਲਾਕ ਫਰੀਦਕੋਟ ਦੀ ਮੀਟਿੰਗ ਏ ਵਨ ਡਾਇਗਨੋਸਟਿਕ ਸੈਂਟਰ ਸਾਦਿਕ ਰੋਡ ਫਰੀਦਕੋਟ ਵਿਖੇ ਅੱਜ ਮਿਤੀ16-4-2023 ਨੂੰ ਬਲਾਕ ਪ੍ਰਧਾਨ ਅਮ੍ਰਿਤਪਾਲ ਟਹਿਣਾ ਦੀ ਪ੍ਰਧਾਨਗੀ ਹੇਠ ਹੋਈ ।ਮੀਟਿੰਗ ਵਿੱਚ ਡਾ ਰਸ਼ਪਾਲ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ , ਮੀਟਿੰਗ ਨੂੰ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ, ਇਸ ਮੌਕੇ ਬਲਾਕ ਪ੍ਰਧਾਨ ਡਾ ਅੰਮ੍ਰਿਤਪਾਲ ਸਿੰਘ ਟਹਿਣਾ ਨੇ ਡਾ ਸਾਥੀਆਂ ਨੂੰ ਸਾਫ ਸੁਥਰੀ ਪਰੈਕਟਿਸ ਕਰਨ ਲਈ ਆਖਿਆ, ਡਾ ਅੰਮ੍ਰਿਤਪਾਲ ਸਿੰਘ ਟਹਿਣਾ ਨੇ ਪ੍ਰਮਾਣ ਪੱਤਰ ਅਤੇ ਆਈ ਕਾਰਡ ਵੀ ਡਾ ਸਾਥੀਆਂ ਨੂੰ ਵੰਡੇ, ਇਸ ਮੋਕੇ ਜਿੰਦਲ ਹੈਲਥ ਲੈਬ ਵਲੋ ਦਿਤੀਆਂ ਜਾ ਰਹੀਆਂ ਸੇਵਾਵਾਂ ਅਤੇ ਏ ਵਨ ਡਾਇਗਨੋਸਟਿਕ ਸੈਂਟਰ ਵਲੋ ਦਿਤੀਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਦਿੱਤੀ , ਅੱਜ ਦੀ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਡਾ ਸਾਥੀ ਹਾਜ਼ਰ ਸਨ , ਇਸ ਦੀ ਜਾਣਕਾਰੀ ਪ੍ਰੈਸ ਸਕੱਤਰ ਡਾ ਯਸ਼ਪਾਲ ਗੁਲਾਟੀ ਨੇ ਪ੍ਰੈਸ ਨੂੰ ਦਿੱਤੀ।

## ਐੱਸ.ਸੀ. / ਬੀ.ਸੀ. ਅਧਿਆਪਕਾ ਨੇ ਜਿਲ੍ਹਾ ਪੱਧਰ 'ਤੇ ਡਾ. ਬੀ. ਆਰ. ਅੰਬੇਡਕਰ ਜੀ ਦਾ 133ਵਾਂ ਮਨਾਇਆ ਜਨਮ

### 'ਦ ਗਰੇਟ ਡਾ. ਅੰਬੇਡਕਰ ਜੀ' ਦੇ ਜੀਵਨ ਅਧਾਰਿਤ ਕਰਵਾਏ ਨਾਟਕ ਨੇ ਸਭ ਨੂੰ ਕੀਤਾ ਭਾਵੁਕ

ਵਰਲਡ ਪੰਜਾਬੀ ਟਾਈਮਜ਼

ਮੁੱਲਾਂਪੁਰ ਦਾਖਾ 18 ਅਪਰੈਲ : ਐੱਸ.ਸੀ./ ਬੀ.ਸੀ. ਅਧਿਆਪਕ ਯੂਨੀਅਨ ਲੁਧਿਆਣਾ ਵੱਲੋਂ ਅਤੇ ਜ਼ਿਲ੍ਹਾ ਪ੍ਰਧਾਨ ਸ. ਭੁਪਿੰਦਰ ਸਿੰਘ ਚੰਗਣ ਦੀ ਅਗਵਾਈ ਵਿੱਚ ਸਥਾਨਕ ਡਾ. ਬੀ.ਆਰ ਅੰਬੇਡਕਰ ਭਵਨ ਵਿਖੇ ਭਾਰਤ ਰਤਨ ਡਾ. ਭੀਮ ਰਾਉ ਅੰਬੇਡਕਰ ਜੀ ਦਾ 133ਵਾਂ ਜਨਮ ਦਿਵਸ ਮਨਾਇਆ ਗਿਆ।





ਇਸ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਐੱਸ.ਸੀ./ ਬੀ.ਸੀ. ਅਧਿਆਪਕ ਯੂਨੀਅਨ, ਪੰਜਾਬ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ ਸਮਾਗਮ ਦਾ ਉਦਘਾਟਨ ਹਰਦਿਆਲ ਸਿੰਘ ਬੋਪਾਰਾਏ ਪ੍ਰਧਾਨ ਡਾ. ਬੀ.ਆਰ.ਅੰਬੇਡਕਰ ਮਿਸ਼ਨ ਵੈਲਫੇਅਰ ਸੁਸਾਇਟੀ ਮੁੱਲਾਂਪੁਰ ਦਾਖਾ ਨੇ ਕੀਤਾ ਜਦਕਿ ਪ੍ਰਧਾਨਗੀ ਸੂਬਾ ਸੀਨੀਅਰ ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਲਤਾਲਾ ਨੇ ਕੀਤੀ।

ਮੁੱਖ ਮਹਿਮਾਨ ਪੰਜਾਬ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ ਵੱਲੋਂ ਬਾਬਾ ਸਾਹਿਬ ਜੀ ਦੇ ਜਨਮ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਸਮਾਜ ਦੇ ਲੋਕਾਂ ਨੂੰ ਇਕੱਠੇ ਹੋ ਕੇ ਬਾਬਾ ਸਾਹਿਬ ਡਾ. ਭੀਮ ਰਾਉ ਰਾਮ ਜੀ ਅੰਬੇਡਕਰ ਜੀ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਉਹਨਾਂ ਦੁਆਰਾ ਚਲਾਏ ਗਏ ਕਾਫਲੇ ਨੂੰ ਹੋਰ ਅੱਗੇ ਲੈਕੇ ਜਾਣ ਲਈ ਜਾਗਰੂਕ ਕੀਤਾ ਗਿਆ । ਸਮਾਗਮ ਦੇ ਅੰਤ ਵਿੱਚ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਲਤਾਲਾ ਅਤੇ ਜਰਨਲ ਸਕੱਤਰ ਗੁਰਜੈਪਾਲ ਸਿੰਘ ਨੇ ਮੁਬਾਰਕਬਾਦ ਦਿੰਦੇ ਹੋਏ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸੁਖਜੀਤ ਸਿੰਘ ਸਾਬਰ ਵੱਲੋਂ ਨਿਭਾਈ ।

ਅਜ਼ਾਦ ਰੰਗ ਮੰਚ ਫਗਵਾੜਾ ਵੱਲੋਂ ਖੇਡਿਆ ਨਾਟਕ 'ਦ ਗਰੇਟ ਅੰਬੇਡਕਰ' ਨੇ ਡਾ. ਅੰਬੇਡਕਰ ਜੀ ਦੇ ਜੀਵਨ ਸੰਘਰਸ਼, ਉੱਚ ਸਿੱਖਿਆ ਪ੍ਰਾਪਤੀ ਵਾਸਤੇ ਕੀਤੀਆਂ ਅਣਥੱਕ ਕੋਸ਼ਿਸ਼ਾਂ ਅਤੇ ਦਲਿਤ ਸਮਾਜ ਨੂੰ ਸੰਵਿਧਾਨ ਰਾਹੀਂ ਦਿੱਤੀਆਂ ਸਹੂਲਤਾਂ ਅਤੇ ਅੰਬੇਡਕਰੀ ਵਿਚਾਰਧਾਰਾ ਨੂੰ ਪੇਸ਼ ਕੀਤਾ ਤਾਂ ਦਰਸ਼ਕਾਂ ਦੀਆਂ ਅੱਖਾਂ ਵੀ ਨਮ ਹੋ ਗਈਆਂ ਤੇ ਉਹ ਭਾਵੁਕ ਹੋ ਗਏ।

ਇਸ ਮੌਕੇ ਮਨੋਹਰ ਸਿੰਘ ਦਾਖਾ, ਗੁਰਮੀਤ ਸਿੰਘ ਅਕਾਲਗੜ੍ਹ, ਰਣਜੀਤ ਸਿੰਘ ਹਠੂਰ ਬਲਦੇਵ ਸਿੰਘ ਮੁੱਲਾਂਪੁਰ, ਬਲਦੇਵ ਸਿੰਘ ਸੁਧਾਰ, ਬਿਆਸ ਲਾਲ ਲੁਧਿਆਣਾ, ਸ਼ੇਰ ਸਿੰਘ ਇਆਲੀ, ਬੇਅੰਤ ਸਿੰਘ ਇਆਲੀ, ਜਸਵਿੰਦਰ ਸਿੰਘ ਸਾਹਨੇਵਾਲ, ਸਤਨਾਮ ਸਿੰਘ, ਸੁਖਦੇਵ ਸਿੰਘ ਜੱਟਪੁਰੀ, ਪਰਮਜੀਤ ਸਿੰਘ ਜਿਲਾ ਸਕੱਤਰ, ਯਾਦਵਿੰਦਰ ਸਿੰਘ ਮੁੱਲਾਂਪੁਰ, ਬਲੌਰ ਸਿੰਘ ਮੰਡਿਆਣੀ, ਗੁਰਮੁਖ ਸਿੰਘ, ਸਤਨਾਮ ਸਿੰਘ ,ਸੁਰਿੰਦਰ ਸਿੰਘ ਡਾਬਾ, ਪਰਮਿੰਦਰ ਪਾਲ ਸਿੰਘ ਜਾਂਗਪੁਰ, ਰਵਿੰਦਰ ਸਿੰਘ ਜਾਂਗਪੁਰ ਜ਼ਿਲਾ ਪ੍ਰੈਸ ਸਕੱਤਰ ਮਾਸਟਰ ਹਰਭਿੰਦਰ ਸਿੰਘ ਮੁੱਲਾਪੁਰ ਅਤੇ ਮਾਸਟਰ ਜਗਜੀਤ ਸਿੰਘ ਝਾਂਡੇ ਅਧਿਆਪਕਾਂ ਤੋਂ ਇਲਾਵਾ ਸੈਂਕੜੇ ਲੋਕ ਅਤੇ ਵਿਦਿਆਰਥੀ ਹਾਜ਼ਰ ਸਨ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ਿਲ੍ਹਾ ਤਰਨ ਤਾਰਨ ਵੱਲੋਂ ਪਿੰਡ ਰੂੜੇ ਹਾਸਲ ਦੇ ਕਿਸਾਨਾਂ ਨੂੰ ਝੂਠੇ ਪਰਚੇ ਵਿੱਚ ਗ੍ਰਿਫਤਾਰ ਕਰਨ ਦੇ ਸਬੰਧ ਵਿੱਚ ਥਾਣਾ ਸਦਰ ਤਾਰਨ ਅੱਗੇ ਲਾਇਆ ਪੱਕਾ ਮੋਰਚਾ।ਮਾਣੋਚਾਹਲ, ਸ਼ਕਰੀ

### ਪਿੰਡ ਰੂੜਿਆਸਲ ਦੇ ਕਿਸਾਨਾਂ ਤੇ ਹੋਏ ਝੂਠੇ ਪਰਚੇ ਨੂੰ ਰੱਦ ਕਰਨ ਦਾ ਪ੍ਰਸ਼ਾਸਨ ਵੱਲੋਂ ਬਾਰ-ਬਾਰ ਵਿਸ਼ਵਾਸ ਦਵਾਉਣ ਦੇ ਬਾਵਜੂਦ ਵੀ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਕੀਤਾ ਗਿਰਫਤਾਰ।

ਵਰਲਡ ਪੰਜਾਬੀ ਟਾਈਮਜ਼




ਤਰਨ ਤਾਰਨ 18 ਅਪ੍ਰੈਲ : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲਾ ਤਰਨ ਤਾਰਨ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਲ ਦੀ ਅਗਵਾਈ ਹੇਠ ਤਰਨ ਤਾਰਨ ਥਾਣਾ ਸਦਰ ਅੱਗੇ ਲੱਗਾ ਪੱਕਾ ਮੋਰਚਾ । ਮੋਰਚੇ ਨੂੰ ਸੰਬੋਧਿਤ ਕਰਦਿਆਂ ਜਿਲਾ ਸਕੱਤਰ ਅਤੇ ਸੂਬਾ ਆਗੂ ਹਰਜਿੰਦਰ ਸਿੰਘ ਸ਼ਕਰੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪਿੰਡ ਰੂੜਿਆਸਲ ਤੇ ਕਿਸਾਨ ਬੀਬੀ ਜਸਬੀਰ ਕੌਰ ਪਤਨੀ ਧਿਆਨ ਸਿੰਘ,



ਗੁਰਮੇਜ ਸਿੰਘ % ਸੰਤੋਖ ਸਿੰਘ, ਹਰਕੀਰਤ ਸਿੰਘ % ਬਲਵਿੰਦਰ ਸਿੰਘ, ਸਤਨਾਮ ਸਿੰਘ % ਹਰਬੰਸ ਸਿੰਘ, ਸੁਰਜੀਤ ਸਿੰਘ%ਚੰਨਣ ਸਿੰਘ , ਰਾਜਵਿੰਦਰ ਸਿੰਘ %ਕੁਲਦੀਪ ਸਿੰਘ, ਜਤਿੰਦਰ ਸਿੰਘ%ਬਲਵਿੰਦਰ ਸਿੰਘ ਤੇ 2023 ਵਿੱਚ ਪ੍ਰਸ਼ਾਸਨ ਵੱਲੋਂ 306 ਅਤੇ ਹੋਰ ਝੂਠੀਆਂ ਧਰਾਵਾਂ ਨੂੰ ਲਾ ਕੇ ਪਰਚਾ ਦਰਜ ਕੀਤਾ ਗਿਆ ਸੀ ।ਜੋ ਕਿ ਬੇਬੁਨਿਆਦੀ ਹੈ । ਉਹਨਾਂ ਕਿਹਾ ਜਿਹੜੇ ਆਦਮੀ ਨੇ ਆਤਮਹੱਤਿਆ ਕੀਤੀ ਸੀ ।ਉਹ ਸਿਧਰਾ ਤੇ ਨਸ਼ੇ ਦਾ ਆਦੀ ਸੀ ।ਤੇ ਆਪਣੇ ਪਰਿਵਾਰ ਤੋਂ ਤੰਗ ਪਰੇਸ਼ਾਨ ਰਹਿੰਦਾ ਸੀ। ਉਸ ਨੇ ਬਿਆਨ ਵੀ ਦਿੱਤਾ ਸੀ। ਕਿ ਮੇਰੀ ਭਰਜਾਈ ਅਮਰੀਕ ਕੌਰ ਪਤਨੀ ਸੁਖਦੇਵ ਸਿੰਘ ਦਾ ਪਰਿਵਾਰ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਹਨ।ਇਸ ਦੇ ਚਲਦੇ ਉਸ ਨੇ ਆਤਮਹੱਤਿਆ ਕਰ ਲਈ ਸੀ ।ਤੇ ਪਿੰਡ ਦੀ ਰੰਜਿਸ਼ ਤਹਿਤ ਅਮਰੀਕੀ ਕੌਰ ਪਤਨੀ ਸੁਖਦੇਵ ਸਿੰਘ ਵੱਲੋਂ ਇਹਨਾਂ ਨਿਰਦੋਸ਼ ਕਿਸਾਨਾਂ ਨੂੰ ਫਸਾਇਆ ਗਿਆ ਹੈ। ਜੋ ਕਿ ਬਹੁਤ ਹੀ ਨਿੰਦਨ ਯੋਗ ਹੈ। ਪ੍ਰਸ਼ਾਸਨ ਅਸਲ ਦੋਸ਼ੀਆਂ ਨੂੰ ਛੱਡ ਕੇ ਇਹਨਾਂ ਨਿਰਦੋਸ਼ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਸਦਰ ਤਰਨ ਤਰਨ ਦੇ ਪ੍ਰਸ਼ਾਸਨ ਵੱਲੋਂ ਲਜਾਇਆ ਗਿਆ ਹੈ। ਜਦ ਕਿ 2023ਵਿੱਚ ਐਸਪੀ ਵਿਸ਼ਾਲਜੀਤ ਸਿੰਘ ਨੇ ਖੁਦ ਪਿੰਡ ਵਿੱਚ ਇਨਕੁਆਰੀ ਕੀਤੀ ।ਜਿਸ ਵਿੱਚ 90% ਤੋਂ ਵੀ ਵੱਧ ਲੋਕਾਂ ਨੇ ਇਹਨਾਂ ਕਿਸਾਨਾਂ ਨੂੰ ਨਿਰਦੋਸ਼ ਦੱਸਿਆ ਅਤੇ ਮਸਲਾ ਰੰਜਿਸ਼ ਤਹਿਤ ਇਹਨਾਂ ਨੂੰ ਫਸਾਉਣ ਦਾ ਦੱਸਿਆ ਗਿਆ। ਇਸ ਦੇ ਬਾਵਜੂਦ ਵੀ ਅਸਲੀ ਦੋਸ਼ੀਆਂ ਨੂੰ ਛੱਡ ਕੇ ਪ੍ਰਸ਼ਾਸਨ ਇਹਨਾਂ ਨਿਰਦੋਸ਼ ਕਿਸਾਨਾਂ ਨੂੰ ਤੰਗ ਪਰੇਸ਼ਾਨ ਕਰ ਰਹੀ ਹੈ। ਜੋ ਕਿ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ।ਜੇਕਰ ਪ੍ਰਸ਼ਾਸਨ ਇਹਨਾਂ ਨੂੰ ਜਲਦੀ ਰਿਹਾ ਨਹੀਂ ਕਰਦਾ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ।ਜਿਸ ਦਾ ਜਿੰਮੇਵਾਰ ਤਰਨ ਤਾਰਨ ਦਾ ਪ੍ਰਸ਼ਾਸਨ ਹੋਵੇਗਾ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਲਵਿੰਦਰ ਸਿੰਘ ਡਾਲੇਕੇ ,ਸਰਵਣ ਸਿੰਘ ਵਲੀਪੁਰ ,ਕੁਲਵੰਤ ਸਿੰਘ ਢੋਟੀਆਂ ,ਗਿਆਨ ਸਿੰਘ ਚੋਲਾ ਖੁਰਦ, ਮਨਜਿੰਦਰ ਸਿੰਘ ਗੋਲਵੜ, ਸੁਖਵਿੰਦਰ ਸਿੰਘ ਦੁਗਲਵਾਲਾ, ਗੁਰਭੇਜ ਸਿੰਘ ਧਾਰੀਵਾਲ, ਇੱਕਬਾਲ ਸਿੰਘ ਵੜਿੰਗ, ਦਿਲਬਾਗ ਸਿੰਘ ਪਹੁਵਿੰਡ ਅਜੀਤ ਸਿੰਘ ਚੰਬਾ, ਨਿਰਵੈਲ ਸਿੰਘ ਧੁੰਨ ਆਦਿ ਆਗੂ ਹਾਜਰ ਸਨ।

## ਮਾਂਵਾਂ ਦੇ ਜਿਗਰੇ




ਪੁੱਤ ਪ੍ਰਦੇਸੀ ਤੋਰਨ ਮਾਂਵਾਂ, ਜਿਗਰਾ ਤਕੜਾ ਕਰਕੇ,

ਰੋ ਲੈਂਦੀਆਂ ਨੇ ਹੁਬਕੀ ਹੁਬਕੀ,ਕੰਧਾਂ ਉਹਲੇ ਖੜ੍ਹਕੇ

ਦਿਲ ਦਾ ਦੁੱਖ ਸਮੋ ਲੈਂਦੀਆਂ ਨੇ,ਇੱਕ ਹੌਕਾ ਜਾ ਭਰਕੇ,

ਅੱਧੀ ਰਾਤੀਂ ਉੱਠ-ਉੱਠ ਵੇਖਣ, ਜਦ ਬੂਹਾ ਕਦੇ ਖੜਕੇ,

ਹੀਰੇ ਪੁੱਤ ਗਵਾ ਲਏ ਮਾਂਵਾਂ, ਇੱਕ ਡਾਲਰ ਦੇ ਕਰਕੇ,

ਖੂਹ ਦੀਆਂ ਟਿੰਡਾਂ ਵਾਂਗ ਝੋਲੀਆਂ, ਖ਼ਾਲੀ ਨੇ ਭਰਕੇ,

ਕਿੰਨੀਆਂ ਈਦ ਦਿਵਾਲੀਆਂ, ਰਹਿਗੀਆਂ ਤੇਰੇ ਕਰਕੇ,

ਪ੍ਰਿੰਸ ਨਿਮਾਣਿਆ ਮਾਂਵਾਂ ਦੇ ਦੁੱਖ, ਦੇਖ ਮੱਥੇ ਤੋਂ ਪੜ੍ਹਕੇ,

ਪੁੱਤਰਾਂ ਦੇ ਬਿਨ ਮਾਂਵਾਂ ਜਿੱਥੇ,ਰਹਿਗੀਆਂ ਲਾਸ਼ਾਂ ਬਣ ਕੇ ,

ਜਿਗਰੇ ਪੱਥਰ ਕਰ ਲੈਂਦੇ ਕਿੰਝ, ਪੁੱਤ ਪ੍ਰਦੇਸੀ ਬਣ ਕੇ,

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

## ਮੇਰੀ ਲੋਚਾ



ਸੱਜਣ ਜੀਓ, ਹੈ ਮੇਰੀ ਲੋਚਾ
ਮੈਂ ਪਰਿੰਦਾ ਕੋਈ ਬਣ ਜਾਵਾਂ

ਖੰਭ ਖੋਲ੍ਹ ਪਰਵਾਜ਼ ਭਰਾਂ ਮੈਂ
ਅਸੀਮ ਅੰਬਰ ਗਾਹ ਆਵਾਂ

ਨਾ ਹੱਦ ਕੋਈ ਸਰਹੱਦ ਕੋਈ
ਮਨ ਮੌਜ ਉਡਾਰੀਂਆਂ ਲਾਵਾਂ

ਨਾ ਕੋਈ ਰੋਕ ਨਾ ਹੀ ਬੰਦਿਸ਼
ਖੁੱਲ੍ਹੀਆਂ ਹੋਵਣ ਸੱਭੇ ਰਾਹਵਾਂ

ਮਹਿਕਾਂ ਦਾ ਵਣਜਾਰਾ ਬਣ ਕੇ
ਕਰਾਂ ਇਸ਼ਕ ਮੈਂ ਸੰਗ ਹਵਾਵਾਂ

ਨਫ਼ਰਤ ਬੂਟੀ ਚੁਣ ਚੁਣ ਪੁੱਟਾਂ
ਚੁਫ਼ੇਰੇ ਬੀਜ ਮੁਹੱਬਤਾਂ ਆਵਾਂ

ਫੁੱਲਾਂ ਦੇ ਨਾਲ ਕਰਾਂ ਦੋਸਤੀ
ਗਲ਼ ਕੰਡਿਆਂ ਨੂੰ ਵੀ ਲਾਵਾਂ

ਨਾ ਕੋਈ ਵੈਰੀ ਨਾ ਬਿਗਾਨਾ
ਸਾਰੀ ਦੁਨੀਆਂ ਨੂੰ ਸਮਝਾਵਾਂ

ਚਾਰ ਦਿਨਾਂ ਇਹ ਜ਼ਿੰਦਗਾਨੀ
ਮਾਣ ਲਉ ਸਭ ਮਸਤ ਹਵਾਵਾਂ

ਕਾਦਰ ਕੁਦਰਤ ਇੱਕੋ ਸਮਾਨ
ਭਰਾਂ ਕਲ਼ਾਵੇ ਖੋਲ੍ਹ ਕੇ ਬਾਹਵਾਂ

ਛੱਡ ਜਾਵਾਂ ਮੈਂ ਮਿੱਠੀਆਂ ਯਾਦਾਂ
ਜਦ ਇਸ ਦੁਨੀਆਂ ਤੋਂ ਜਾਵਾਂ

ਵਰਲਡ ਪੰਜਾਬੀ ਟਾਈਮਜ਼
ਗੁਰਸ਼ਰਨ ਕੌਰ ਦੇਵਗੁਣ

## || ਗੀਤ ||




ਯਕੀਨ ਜਿੱਤ ਕੇ ਯਾਰ ਮਾਰ ਕਰਦੇ ਨੇ।
ਯਾਰ ਦੀ ਪਿੱਠ ਉੱਪਰ ਵਾਰ ਕਰਦੇ ਨੇ।
ਹਰ ਵੇਲੇ ਜੋ ਰਹਿਣ ਮੌਕੇ ਦੀ ਫ਼ਿਰਾਕ ਦੇ।।
ਹੁੰਦੇ ਨੇ ਜੋ ਹਲਕੇ ਕਿਰਦਾਰਾਂ ਦੇ.....

ਯਾਰੀ ਤੇ ਦਾਗ਼ ਇਹ ਲਗਾਉਂਦੇ ਨੇ।
ਧੀ ਭੈਣ ਦੀ ਇੱਜ਼ਤ ਨੂੰ ਹੱਥ ਪਾਉਂਦੇ ਨੇ।
ਪੰਮਾ ਕਲੇਰ ਮਤਲਬੀ ਯਾਰ ਕਹਿਲਾਉਂਦੇ ਨੇ।
ਸੂਦ ਵਿਰਕ ਲਿੱਖੇ ਸੱਚੇ ਬੋਲ ਵਾਂਗ ਕਟਾਰਾਂ ਨੇ।।
ਹੁੰਦੇ ਨੇ ਜੋ ਹਲਕੇ ਕਿਰਦਾਰਾਂ ਦੇ.....

ਸਦਕੇ ਜਾਵਾਂ ਮਤਲਬੀ ਯਾਰਾਂ ਦੇ।
ਹੁੰਦੇ ਨੇ ਜੋ ਹਲਕੇ ਕਿਰਦਾਰਾਂ ਦੇ।।

ਸਦਕੇ ਜਾਵਾਂ ਮਤਲਬੀ ਯਾਰਾਂ ਦੇ।
ਹੁੰਦੇ ਨੇ ਜੋ ਹਲਕੇ ਕਿਰਦਾਰਾਂ ਦੇ।।

ਕੁੱਝ ਲੋਕ ਯਾਰੀ ਜੱਦ ਲਾਉਂਦੇ ਨੇ।
ਮਤਲਬ ਕੱਢਣ ਤਾਈਂ ਪਾਉਂਦੇ ਨੇ।
ਪੁੱਲ ਬੰਨ੍ਹਦੇ ਜੋ ਸਦਾ ਹੀ ਝੂਠ ਦੇ।
ਤਬਾਹ ਕਰ ਜਾਂਦੇ ਘਰ ਕਬੀਲਦਾਰਾਂ ਦੇ।।
ਹੁੰਦੇ ਨੇ ਜੋ ਹਲਕੇ ਕਿਰਦਾਰਾਂ ਦੇ.....

ਜ਼ੁਬਾਨ ਦੇ ਬਹੁਤ ਮਿੱਠੇ ਇਹ ਹੁੰਦੇ ਨੇ।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ ਵਿਰਕ

## ਸੱਚਾ ਦੋਸਤ

ਵਰਲਡ ਪੰਜਾਬੀ ਟਾਈਮਜ਼
ਸੰਦੀਪ ਦਿਉੜਾ




ਇੱਕ ਵਾਰ ਦੀ ਗੱਲ ਹੈ ਕਿ ਇੱਕ ਜੰਗਲ ਵਿੱਚ ਬਹੁਤ ਸਾਰੇ ਜਾਨਵਰਾਂ ਦੇ ਨਾਲ - ਨਾਲ ਦੋ ਸੁਨਹਿਰੇ ਕੱਛੂ ਵੀ ਰਹਿੰਦੇ ਸਨ। ਇੱਕ ਥੋੜ੍ਹਾ ਭਾਰੀ ਹੋਣ ਕਰਕੇ ਉਸਦਾ ਨਾਂ ਮੋਟੂ ਤੇ ਦੂਜਾ ਛੋਟਾ ਹੋਣ ਕਰਕੇ ਉਸਦਾ ਨਾਂ ਛੋਟੂ ਸੀ। ਮੋਟੂ ਤੇ ਛੋਟੂ ਵਿੱਚ ਦੋਸਤੀ ਬੜੀ ਪੱਕੀ ਸੀ। ਮੋਟੂ ਤੇ ਛੋਟੂ ਜਿੱਥੇ ਵੀ ਜਾਂਦੇ ਦੋਵੇਂ ਇਕੱਠੇ ਹੀ ਜਾਂਦੇ ਸਨ। ਇੱਕ ਦਿਨ ਜੰਗਲ ਵਿੱਚ ਸ਼ਿਕਾਰੀਆ ਦਾ ਇੱਕ ਟੋਲਾ ਸ਼ਿਕਾਰ ਕਰਨ ਦੇ ਲਈ ਆਇਆਂ।ਉਨ੍ਹਾਂ ਨੇ ਕਈ ਜਾਨਵਰਾਂ ਦਾ ਸ਼ਿਕਾਰ ਵੀ ਕੀਤਾ। ਪਤਾ ਨਹੀਂ ਕਿਵੇਂ ਉਨ੍ਹਾਂ ਦੇ ਇੱਕ ਕਰਿੰਦੇ ਨੂੰ ਸੁਨਹਿਰੀ ਕੱਛੂਆਂ ਦੇ ਜੋੜੇ ਦੇ ਬਾਰੇ ਵਿੱਚ ਪਤਾ ਚੱਲ ਗਿਆ।ਉਸਨੇ ਇਸਦੇ ਬਾਰੇ ਦੇ ਵਿੱਚ ਆ ਕੇ ਆਪਣੇ ਲੀਡਰ ਨੂੰ ਦੱਸਿਆ।

“ਮਾਲਕ ਜੰਗਲ ਵਿੱਚ ਸੁਨਹਿਰੇ ਕੱਛੂਆਂ ਦਾ ਜੋੜਾ ਰਹਿੰਦਾ ਹੈ।”

“ਸੁਨਹਿਰੇ ਕੱਛੂਆਂ ਦਾ ਜੋੜਾ..........! “

“ਹਾਂ ਜੀ ਸੁਨਹਿਰੇ ਕੱਛੂਆਂ ਦਾ ਜੋੜਾ। “

“ਰਾਮਦੀਨ ਉਨ੍ਹਾਂ ਦੀ ਤਾਂ ਅੰਤਰਰਾਸ਼ਟਰੀ ਮੰਡੀ ਵਿੱਚ ਬਹੁਤ ਮੰਗ ਹੈ। ਆਪਾਂ ਉਹਨਾਂ ਨੂੰ ਜਿਉਂਦੇ ਹੀ ਫੜਨਾਂ ਹੈ। ਤੂੰ ਪਤਾ ਕਰ ਉਹ ਜੰਗਲ ਦੇ ਕਿਹੜੇ ਹਿੱਸੇ ਵਿੱਚ ਰਹਿੰਦੇ ਹਨ। “

“ਮਾਲਕ ਉਹ ਦੋਨੋਂ ਤਲਾਅ ਵਾਲੇ ਪਾਸੇ ਰਹਿੰਦੇ ਹਨ। “

“ਬਹੁਤ ਵਧੀਆ ਤੂੰ ਕੱਲ੍ਹ ਸਵੇਰੇ ਹੀ ਉਹਨਾਂ ਦੇ ਰਸਤੇ ਵਿੱਚ ਤਿਲਕਣੇ ਪੱਥਰ ਰੱਖ ਦੇਈ ਤਾਂ ਜੋ ਉਹ ਉਨ੍ਹਾਂ ਉੱਤੋਂ ਤਿਲਕ ਕੇ ਪੁੱਠੇ ਹੋ ਜਾਣ ਤੇ ਭੱਜ ਨਾ ਸਕਣ। ਯਾਦ ਰੱਖੀ ਆਪਾਂ ਉਨ੍ਹਾਂ ਨੂੰ ਜਿਉਂਦੇ ਹੀ ਫੜਨਾਂ ਹੈ। “

“ਠੀਕ ਹੈ ਮਾਲਕ ਸਵੇਰੇ ਇਸੇ ਤਰ੍ਹਾਂ ਹੀ ਕਰਾਂਗਾ ਜੀ। ” ਆਖ ਉਹ ਚਲਾ ਜਾਂਦਾ ਹੈ। ਅਗਲੀ ਸਵੇਰ ਉਹ ਉਸੇ ਤਰ੍ਹਾਂ ਹੀ ਕਰਦਾ ਹੈ। ਦੂਜੇ ਪਾਸੇ ਮੋਟੂ ਤੇ ਛੋਟੂ ਦੋਨੋਂ ਗੱਲਾਂ ਕਰਦੇ ਬੇਧਿਆਨੇ ਤੁਰੇ ਆ ਰਹੇ ਹੁੰਦੇ ਹਨ। ਅਚਾਨਕ ਮੋਟੂ ਤਿਲਕਣੇ ਪੱਥਰ ਉੱਤੇ ਚੜ ਜਾਂਦਾ ਹੈ ਤੇ ਤਿਲਕ ਕੇ ਪੁੱਠਾ ਹੋ ਕੇ ਡਿੱਗਦਾ ਹੈ। ਸ਼ਿਕਾਰੀਆ ਦਾ ਟੋਲਾ ਦੂਰ ਬੈਠਾ ਇਹ ਸਭ ਦੇਖ ਰਿਹਾ ਹੁੰਦਾ ਹੈ। ਉਨ੍ਹਾਂ ਨੂੰ ਦੂਜੇ ਕੱਛੂ ਦੇ ਵੀ ਪੁੱਠੇ ਡਿੱਗਣ ਦਾ ਇੰਤਜ਼ਾਰ ਹੁੰਦਾ ਹੈ।

“ਛੋਟੂ ਮੈਨੂੰ ਲੱਗਦਾ ਹੈ ਇਹ ਪੱਥਰ ਆਪਾਂ ਨੂੰ ਫਸਾਉਣ ਲਈ ਜਾਣਬੁੱਝ ਕੇ ਸੁੱਟੇ ਗਏ ਹਨ।ਤੂੰ ਆਪਣੀ ਜਾਨ ਬਚਾ ਤੇ ਇੱਥੋਂ ਦੂਰ ਚਲਾ ਜਾਹ। “

“ਨਹੀਂ ਮੋਟੂ ਜੇ ਮੈਂ ਜਾਵਾਂਗਾ ਤਾਂ ਤੈਨੂੰ ਨਾਲ ਹੀ ਲੈ ਕੇ ਜਾਵਾਂਗਾ ਨਹੀਂ ਤਾਂ ਦੋਨੋਂ ਇਕੱਠੇ ਹੀ ਮਰਾਂਗੇ।” ਛੋਟੂ ਮੋਟੂ ਨੂੰ ਸਿੱਧਾ ਕਰਨ ਲਈ ਜੋਰ ਲਗਾਉਣ ਲੱਗ ਜਾਂਦਾ ਹੈ। ਭਾਵੇਂ ਇਹ ਕੰਮ ਉਸਦੇ ਲਈ ਬਹੁਤ ਔਖਾ ਹੀ ਨਹੀਂ ਲਗਭਗ ਅਸੰਭਵ ਹੀ ਸੀ ਪਰ ਛੋਟੂ ਵਾਰ-ਵਾਰ ਮੋਟੂ ਨੂੰ ਟੱਕਰ ਮਾਰਦਾ ਰਿਹਾ।


“ਛੋਟੂ ਤੈਨੂੰ ਰੱਬ ਦਾ ਵਾਸਤਾ , ਤੂੰ ਮੈਨੂੰ ਛੱਡ ਕੇ ਚਲਾ ਜਾਹ ਨਹੀਂ ਤਾਂ ਦਰਿੰਦੇ ਸ਼ਿਕਾਰੀ ਤੈਨੂੰ ਵੀ ਫੜ੍ ਲੈਣਗੇ। “

“ਨਹੀਂ ਮੋਟੂ ਮੈਂ ਤੈਨੂੰ ਇਕੱਲੇ ਛੱਡ ਕੇ ਨਹੀਂ ਜਾਣਾ। ” ਛੋਟੂ ਆਪਣੀ ਗੱਲ ਉੱਤੇ ਅੜਿਆ ਹੋਇਆਂ ਸੀ। ਅੰਤ ਛੋਟੂ ਪੂਰੇ ਜੋਸ਼ ਨਾਲ ਮੋਟੂ ਨੂੰ ਧੱਕਾ ਮਾਰਦਾ ਹੈ ਤੇ ਆਪਣੀ ਕੋਸ਼ਿਸ਼ ਵਿੱਚ ਸਫ਼ਲ ਵੀ ਹੋ ਜਾਂਦਾ ਹੈ।ਮੋਟੂ ਸਿੱਧਾ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਸ਼ਿਕਾਰੀ ਉਨ੍ਹਾਂ ਦੇ ਕੋਲ ਆਉਂਦੇ ਉਹ ਦੋਨੋ ਤੇਜ਼ੀ ਨਾਲ ਸੰਘਣੇ ਜੰਗਲ ਵਿੱਚ ਚਲੇ ਜਾਂਦੇ ਹਨ।

ਇਸ ਤਰ੍ਹਾਂ ਛੋਟੂ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਆਪਣੇ ਦੋਸਤ ਦੀ ਜਾਨ ਬਚਾ ਲੈਂਦਾ ਹੈ।

ਸਿੱਖਿਆ:-ਸੱਚਾ ਦੋਸਤ ਉਹ ਹੁੰਦਾ ਹੈ,ਜੋ ਮੁਸੀਬਤ ਸਮੇਂ ਤੁਹਾਡੇ ਕੰਮ ਆਉਂਦਾ ਹੈ।

## ਡਾ.ਬਲਦੇਵ ਸਿੰਘ ਕੰਦੋਲਾ ਦੀ ਪੁਸਤਕ ਵਿਗਿਆਨ ਕੀ ਹੈ? ਪੰਜਾਬੀ ਪ੍ਰੇਮੀਆਂ ਲਈ ਲਾਹੇਬੰਦ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਡਾ.ਬਲਦੇਵ ਸਿੰਘ ਕੰਦੋਲਾ ਖੁਦ ਇੱਕ ਵਿਗਿਆਨੀ ਹਨ, ਉਨ੍ਹਾਂ ਦੀ ਖੋਜੀ ਪੁਸਤਕ ‘‘ਵਿਗਿਆਨ ਕੀ ਹੈ? ਵਿਗਿਆਨ ਦੀ ਵਿਚਾਰਧਾਰਾ, ਵਿਧੀ ਅਤੇ ਤਰਕ’’ ਵਿਗਿਅਨਕ ਸੋਚ ਦਾ ਪ੍ਰਗਟਾਵਾ ਹੈ। ਮੁੱਢਲੇ ਤੌਰ ਤੇ ਇਹ ਪੁਸਤਕ ਪੰਜਾਬੀ ਪ੍ਰੇਮੀਆਂ ਨੂੰ ਵਿਗਿਆਨ ਦੀ ਪੜ੍ਹਾਈ ਪੰਜਾਬੀ ਭਾਸ਼ਾ ਵਿੱਚ ਕਰਨ ਲਈ ਉਤਸ਼ਾਹਤ ਕਰਨ ਦਾ ਉਦਮ ਹੈ। ਜਿਹੜੇ ਲੋਕ ਕਹਿੰਦੇ ਸੀ ਕਿ ਵਿਗਿਆਨ ਪੰਜਾਬੀ ਵਿੱਚ ਪੜ੍ਹਾਇਆ ਨਹੀਂ ਜਾ ਸਕਦਾ, ਉਨ੍ਹਾਂ ਲਈ ਡਾ.ਬਲਦੇਵ ਸਿੰਘ ਕੰਦੋਲਾ ਨੇ ਮਾਰਗ ਦਰਸ਼ਨ ਕੀਤਾ ਹੈ। ਪੁਸਤਕ ਨੂੰ 10 ਕਾਂਡਾਂ ਵਿੱਚ ਵੰਡਿਆ ਹੈ। ਦਸਵੇਂ ਕਾਂਡ ਵਿੱਚ ਹਵਾਲਾ ਪੁਸਤਕਾਂ ਦਾ ਜ਼ਿਕਰ ਹੈ। ਪਹਿਲੇ ਕਾਂਡ ਵਿਗਿਆਨ ਦਾ ਸ੍ਰੂਪ ਵਿੱਚ ਪਰਿਚੈ, ਭਾਸ਼ਾ ਅਤੇ ਵਿਗਿਆਨਕ ਸੋਚ, ਵਿਗਿਆਨ ਦੀ ਪਰਿਭਾਸ਼ਾ, ਯੂਰਪੀ ਪੁਨਰ-ਜਾਗ੍ਰਤੀਕਾਲ ਅਤੇ ਵਿਗਿਆਨ, ਵਿਗਿਆਨ ਅਤੇ ਧਰਮ, ਵਿਗਿਆਨ ਅਤੇ ਨੈਤਿਕਤਾ, ਵਿਗਿਆਨ ਅਤੇ ਸਮਾਜ, ਵਿਗਿਆਨ ਅਤੇ ਸਭਿਆਚਾਰ ਅਤੇ ਵਿਗਿਆਨ ਦੀ ਸਫਲਤਾ ਸ਼ਾਮਲ ਹਨ। ਇਨ੍ਹਾਂ ਵਿੱਚ ਬੜੀ ਬਾਰੀਕੀ ਨਾਲ ਇਤਿਹਾਸਕ ਤੱਥਾਂ ਤੇ ਅਧਾਰਤ ਜਾਣਕਾਰੀ ਦਿੱਤੀ ਗਈ ਹੈ। ਭਾਰਤੀ ਵਿਗਿਆਨਕ ਰਹਿਮਤਾਂ ਨੂੰ ਦੇਵੀ ਦੇਵਤਿਆਂ ਦੀ ਦੇਣ ਸਮਝਕੇ ਵਹਿਮਾਂ ਭਰਮਾ ਵਿੱਚ ਪੈ ਗਏ ਸਨ, ਜਾਗ੍ਰਤੀ ਆਉਣ ਨਾਲ ਵਿਗਿਅਨਕ ਨਿਯਮਾ ਦੀ ਸਮਝ ਆਉਣ ਲੱਗੀ। ਪੁਸਤਕ ਪੜ੍ਹਨ ਤੋਂ ਮਹਿਸੂਸ ਹੁੰਦਾ ਹੈ ਕਿ ਡਾ.ਬਲਦੇਵ ਸਿੰਘ ਕੰਦੋਲਾ ਨੇ ਇਹ ਪੁਸਤਕ ਲੰਬਾ ਸਮਾਂ ਸੰਸਾਰ ਦੇ ਸਾਰੇ ਪੁਰਾਤਨ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਦੇ ਵਿਗਿਆਨੀਆਂ ਦੀਆਂ ਖੋਜਾਂ ਦੀ ਡੂੰਘੀ ਜਾਣਕਾਰੀ ਹਾਸਲ ਕਰਕੇ ਉਸ ਨੇ ਆਪਣੀ ਇਹ ਪੁਸਤਕ ਲਿਖੀ ਹੈ। ਉਨ੍ਹਾਂ ਇਸ ਪੁਸਤਕ ਵਿੱਚ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਵਿਗਿਆਨ ਦੀ ਪੜ੍ਹਾਈ ਭਾਵੇਂ ਉਹ ਵਿਗਿਆਨ ਦੇ ਕਿਸੇ ਵੀ ਵਿਸ਼ੇ ਵਿੱਚ ਹੋਵੇ, ਉਹ ਪੰਜਾਬੀ ਵਿੱਚ ਲਿਖੀ ਤੇ ਪੜ੍ਹਾਈ ਜਾ ਸਕਦੀ ਹੈ। ਉਨ੍ਹਾਂ ਇਹ ਇੱਕ ਨਮੂਨਾਂ ਪੰਜਾਬੀਆਂ ਲਈ ਪ੍ਰੋਸ ਕੇ ਰੱਖ ਦਿੱਤਾ ਹੈ। ਉਸ ਨੇ ਇਸ ਪੁਸਤਕ ਵਿੱਚ ਵਿਗਿਆਨ ਦੀ ਪਰਿਭਾਸ਼ਾ, ਵਿਗਿਆਨਕ ਭਾਸ਼ਾ ਦੇ ਅਰਥ ਤੇ ਵਿਕਾਸ ਤੱਥਾਂ ਨਾਲ ਦੱਸੀ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੀ ਦਾਰਸ਼ਨਿਕ ਅਤੇ ਗਿਆਨਵਾਦੀ ਪਰੰਪਰਾ ਵਿੱਚ ਵਿਗਿਆਨ ਸ਼ਬਦ ਦੀ ਵਰਤੋਂ ਬਹੁਤ ਪੁਰਾਣੀ ਹੈ। ਇਹ ਸਭ ਤੋਂ ਸਰਵੋਤਮ ਹੈ। ਯੂਰਪ ਵਿੱਚ ਇਹ ਪਰੰਪਰਾ ਨਵੀਂ ਹੈ। ਵਿਗਿਆਨਕ ਜਾਂਚ ਪੜਤਾਲ ਦਾ ਮੁੱਖ ਮਨੋਰਥ ਸੱਚ ਦੀ ਭਾਲ ਕਰਨਾ ਹੈ। ਉਨ੍ਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਉਦਾਹਰਨਾ ਦੇ ਕੇ ਸਾਬਤ ਕੀਤਾ ਹੈ। ਪ੍ਰਸਿੱਧ ਵਿਗਿਆਨੀ ਨੀਡ੍ਹਮ ਅਨੁਸਾਰ ਅਰਬੀ ਤੋਂ ਲਾਤੀਨੀਂ ਵਿੱਚ ਯੂਰਪੀ ਅਨੁਵਾਦਕਾਂ ਨੇ ਜਾਣ ਬੁੱਝ ਕੇ ਭਾਰਤੀ ਤੇ ਚੀਨੀ ਰਚਨਾਵਾਂ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਦਸ਼ਮਲਵ ਅੰਕੜਾ ਤੰਤਰ ਨੂੰ ਅਰਬੀ ਤੰਤਰ ਨੇ ਭਾਰਤੀ ਤੰਤਰ ਮੰਨਿਆ ਹੈ। ਦੂਜੇ ਵਿਗਿਆਨ ਅਤੇ ਤਰਕ ਕਾਂਡ ਵਿੱਚ ਪਰਿਚੈ, ਤਰਕ ਕੀ ਹੈ?, ਵਿਗਿਆਨ ਵਿੱਚ ਤਰਕ, ਭਾਰਤੀ ਤਰਕ ਅਤੇ ਵਿਗਿਆਨ ਅਤੇ ਭਾਰਤੀ ਤਰਕ ਦੇ ਵਿਸ਼ਿਆਂ ਤੇ ਚਰਚਾ ਕੀਤੀ ਗਈ ਹੈ। ਤਰਕ ਅਤੇ ਵਿਵੇਕ ਦਾ ਵਿਗਿਆਨ ਨਾਲ ਗੂੜ੍ਹਾ ਸੰਬੰਧ ਹੈ। ਵਿਗਿਆਨੀ, ਤਾਰਕਿਕ ਹੋਣ ਦੇ ਨਾਲ ਨਾਲ ਬੜੇ ਸਿਰਜਣਸ਼ੀਲ ਵੀ ਹੁੰਦੇ ਹਨ। ਵਿਗਿਆਨਕਾਂ ਦੀ ਦੂਰ ਅੰਦੇਸ਼ੀ, ਪ੍ਰਤਿਭਾ, ਕਲਪਨਾ, ਅਤੇ ਨਿਰੀ ਦ੍ਰਿੜ੍ਹਤਾ ਵੀ ਪੂਰਤੀਆਂ ਦਾ ਸਬੂਤ ਹਨ। ਗਿਆਨਿੰਦ੍ਰੀਆਂ ਤੇ ਮਨ ਦੀ ਇੰਦ੍ਰੀ ਰਾਹੀਂ ਬਾਹਰੀ ਸੰਸਾਰ ਨੂੰ ਅਨੁਭਵ ਅਤੇ ਨਵੀਂ ਜਾਣਕਾਰੀ ਹਾਸਲ ਕਰਦੇ ਹਾਂ। ਤਰਕ ਦਲੀਲਾਂ ਦਾ ਵਿਸ਼ਲੇਸ਼ਣ ਹੁੰਦਾ ਹੈ। ਵਿਗਿਆਨ ਦੀ ਤਰਕ ਲਈ ਨਵੀਂਆਂ ਖੋਜਾਂ ਅਤੇ ਕਾਢਾਂ ਵਿੱਚ ਅੰਤਰਦ੍ਰਿਸ਼ਟੀ ਦੀ ਸਚਾਈ ਦੇ ਪ੍ਰਮਾਣ ਪੇਸ਼ ਕਰਨ ਲਈ ਸਿਧਾਂਤ, ਪ੍ਰਯੋਗ ਅਤੇ ਸਿਧਾਂਤ ਦੇ ਆਪਸੀ ਸੰਬੰਧ, ਪ੍ਰਯੋਗ ਦੀ ਸਥਾਪਤੀ ਦੀ ਪ੍ਰਮਾਣਿਕਤਾ ਦੀ ਲੋੜ ਪੈਂਦੀ ਹੈ। ਤਰਕ, ਵਿਗਿਆਨ ਵਿਧੀ ਦਾ ਵਿਸ਼ੇਸ਼ ਅਤੇ ਅਨਿਖੜਵਾਂ ਅੰਗ ਹੈ। ਭਾਰਤ ਵਿੱਚ ਤਰਕ ਅਤੇ ਤਰਕ ਦੇ ਅਧਿਐਨ ਦੀ ਪਰੰਪਰਾ ਪੁਰਾਣੀ ਹੈ। ਤਰਕ ਦਾ ਜ਼ਿਕਰ ਮਹਾਂ ਭਾਰਤ ਵਿੱਚ ਆਉਂਦਾ ਹੈ। ਵਿਗਿਆਨ ਅਤੇ ਵਾਸਤਵਿਕਤਾ ਤੀਜਾ ਕਾਂਡ ਹੈ, ਜਿਸ ਵਿੱਚ ਵਾਸਤਵਿਕਤਾ ਬਾਰੇ ਪਰਿਚੈ, ਵਾਸਤਵਿਕਤਾ ਦਾ ਵਰਣਨ, ਦੇਸ ਅਤੇ ਮਾਦੇ ਬਾਰੇ ਵਿਗਿਆਨਕ ਵਿਚਾਰ, ਵਿਗਿਆਨਕ ਯਥਾਰਥਵਾਦ ਅਤੇ ਜੰਤਰਿਕ ਜਾਂ ਉਪਕਰਣਵਤ ਪ੍ਰਤੱਖਣ ਰਾਹੀਂ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਰਤ ਦੀ ਸਮੁੱਚੀ ਦਾਰਸ਼ਨਿਕ ਵਿਚਾਰਧਾਰਾ ਨੂੰ ਜਾਨਣ ਤੇ ਸਮਝਣ ਤੋਂ ਆਰੰਭ ਹੁੰਦੀ ਹੈ। ਜਦੋਂ ਅਸੀਂ ਵਸਤੂਆਂ ਅਤੇ ਪਰਿਘਟਨਾਵਾਂ ਦੇਖਦੇ ਹਾਂ ਤੇ ਉਨ੍ਹਾਂ ਦੀ ਮੌਜੂਦਗੀ ਮਹਿਸੂਸ ਕਰਦੇ ਹਾਂ ਤੇ ਪਛਾਣ ਕੇ ਵਸ਼ਿਸ਼ਟ ਨਾਮ ਦਿੰਦੇ ਹਾਂ, ਇਹ ਸਾਡੀ ਸਿਰਜਣ ਸ਼ਕਤੀ ਦੀ ਦੇਣ ਹੈ। ਮਨ ਸਾਡੇ ਲਈ ਵਾਸਤਵਿਕਤਾ ਨੂੰ ਸੰਗਠਿਤ ਕਰਦਾ ਹੈ। ਮਨ ਤੇ ਇੰਦ੍ਰੀਆਂ ਮਿਲ ਕੇ ਬਾਹਰੀ ਵਾਸਤਵਿਕਤਾ ਪੈਦਾ ਕਰਦੇ ਹਨ। ਪਦਾਰਥਾਂ ਨੂੰ ਮੂਲ ਵਾਸਤਵਿਕਤਾ ਸਮਝ ਕੇ ਵਿਗਿਆਨਕ ਸਿਧਾਂਤ ਘੜੇ ਜਾਂਦੇ ਹਨ। ਦੇਸ ਅਤੇ ਮਾਦੇ ਦੇ ਸਵਾਲ ਨੂੰ ਵਿਗਿਆਨ ਅਲੱਗ ਦ੍ਰਿਸ਼ਟੀ ਤੋਂ ਲੈਂਦਾ ਹੈ: ਇਹ ਅਨੁਭਾਵਕ ਅਤੇ ਵਿਹਾਰਕ ਪੱਖ ਤੋਂ ਵੇਖਦਾ ਹੈ। ਮਾਦੇ ਦੀਆਂ ਵਸਤੂਆਂ ਸਥਿਰ ਰਹਿੰਦੀਆਂ ਹਨ ਕਿਉਂਕਿ ਜੜ੍ਹਤਾ ਮਾਦੇ ਦਾ ਗੁਣਧਰਮ ਹੈ। ਨਿਊਟਨ ਅਨੁਸਾਰ ਵਸਤੂਆਂ ਦੀ ਗਤੀ ਲਈ ਦੇਸ ਅਤੇ ਕਾਲ ਦੀ ਲੋੜ ਹੈ, ਅਤੇ ਉਹ ਇਨ੍ਹਾਂ ਨੂੰ ਪਰਮ ਕਾਲ ਅਤੇ ਪਰਮ ਦੇਸ ਮੰਨਦਾ ਹੈ। ਆਈਨਸਟਾਈਨ ਅਨੁਸਾਰ ਕੁਦਰਤ ਵਿੱਚ ਸਿਰਫ ਘਟਨਾਵਾਂ ਦੀ ਹੀ ਹੋਂਦ ਨੂੰ ਇਹ ਸੰਪੂਰਨ ਤੌਰ ‘ਤੇ ਰੱਦ ਕਰਦਾ ਹੈ। ਵਿਗਿਆਨਕ ਯਥਾਰਥਵਾਦ ਵਿੱਚ ਦਸਿਆ ਹੈ ਕਿ ਦ੍ਰਵਮਾਨ, ਦੇਸ, ਕਾਲ ਅਤੇ ਸੰਖਿਆ ਵਿਗਿਅਨ ਦੁਆਰਾ ਅਸਲੀ ਮੰਨੇ ਜਾਂਦੇ ਹਨ। ਪਰਮਾਣੂ ਦੀ ਵਾਸਤਵਿਕਤਾ ਬਾਰੇ ਚਰਚਾ ਵੀ ਸਦੀਆਂ ਪੁਰਾਣੀ ਹੈ। ਗਣਿਤਵਿਗਿਆਨ ਅਨੁਸਾਰ ਦ੍ਰਵਮਾਨ, ਜੁਟ, ਦੇਸ ਅਤੇ ਕਾਲ ਆਦਿ ਪਿੱਛੇ ਕੀ ਵਾਸਤਵਿਕਤਾ ਹੈ? ਈਸ਼ਵਰ ਵੀ ਮਨਘੜਤ ਹੈ। ਵਿਗਿਆਨ ਵਿੱਚ ਪ੍ਰਤੱਖਣ ਦੀ ਸੀਮਾ ਸਾਖਿਆਤ ਪ੍ਰਤੱਖਣ ਤੱਕ ਹੀ ਸੀਮਤ ਨਹੀਂ, ਅਸਿੱਧੇ ਪ੍ਰਤੱਖਣ ਦਾ ਵੀ ਮਹੱਤਵ ਹੈ। ਜੰਤਰਿਕ ਜਾਂ ਉਪਕਰਣਵਤ ਪ੍ਰਤੱਕਖਣ ਵਿੱਚ ਦੱਸਿਆ ਹੈ ਕਿ ਜੰਤਰਾਂ ਦੀ ਮਦਦ ਨਾਲ ਭੌਤਿਕ ਵਸਤੂਆਂ ਬਾਰੇ ਜਾਣਕਾਰੀ ਹਾਸਲ ਕਰਨ ਨੂੰ ਜੰਤਰਿਕ ਪ੍ਰਤੱਖਣ ਕਿਹਾ ਜਾਂਦਾ ਹੈ। ਜੰਤਰਾਂ ਰਾਹੀਂ ਨਤੀਜਿਆਂ ਤੇ ਪਹੁੰਚਣ ਲਈ ਸਿਧਾਂਤ ਪ੍ਰਣਾਲੀ ਵਰਤਣੀ ਪੈਂਦੀ ਹੈ। ਸਿਧਾਂਤ ਲੱਦੀ ਦ੍ਰਿਸ਼ਟੀ ਦੀ ਘਾਟ ਇਹ ਹੈ ਕਿ ਕਿਸੇ ਨਿਰੀਖਣ ਦੀ ਤਰਜਮਾਨੀ ਵਿਭਿੰਨ ਸਿਧਾਂਤਕ ਪੱਖਾਂ ਤੋਂ ਕੀਤੀ ਜਾ ਸਕਦੀ ਹੈ।

ਚੌਥੇ ਕਾਂਡ ਵਿਗਿਆਨ ਅਤੇ ਅਨੁਭਵ ਵਿੱਚ ਦੱਸਿਆ ਹੈ ਕਿ ਇਹ ਠੋਸ ਤੱਥਾਂ ਤੇ ਅਧਾਰਤ ਹੁੰਦਾ ਹੈ। ਵਸਤੂਨਿਸ਼ਠ ਤੱਥ ਸਮੁੱਚੇ ਵਿਗਿਆਨ ਦਾ ਮੁੱਖ ਆਧਾਰ ਹੁੰਦੇ ਹਨ। ਤੱਥ ਉਹ ਚੀਜ਼ ਹੁੰਦੀ ਹੈ, ਜਿਸ ਦੀ ਪ੍ਰਤੱਖ ਹੋਂਦ ਹੋਵੇ। ਵਿਗਿਆਨਕ ਤੱਥਾਂ ਨੂੰ ਸੁਚੇਤ ਦੁਹਰਾਉਣਯੋਗ ਨਿਰੀਖਣਾਂ ਜਾਂ ਪ੍ਰਯੋਗਾਤਮਕ ਮਾਪ ਦੁਆਰਾ ਅੰਕੜੇ ਇਕੱਠੇ ਕਰ ਕੇ ਤਸਦੀਕ ਕੀਤਾ ਜਾਂਦਾ ਹੈ। ਕਿਸੇ ਖਾਸ ਮੰਤਵ ਨਾਲ ਨੀਝ ਲਗਾ ਕੇ ਦੇਖਣ ਨੂੰ ਨਿਰੀਖਣ ਕਿਹਾ ਜਾਂਦਾ ਹੈ। ਨਿਰੀਖਣਾ ਨੂੰ ਜਦੋਂ ਯੰਤ੍ਰਿਕ ਉਪਕਰਣਾ ਨਾਲ ਮਾਪਿਆ ਜਾਂਦਾ ਹੈ ਤਾਂ ਇਹ ਠੋਸ ਤੱਥ ਬਣ ਜਾਂਦੇ ਹਨ।

ਪੰਜਵਾਂ ਕਾਂਡ ਵਿਗਿਆਨਕ ਵਿਧੀ ਹੈ, ਜਿਸ ਰਾਹੀਂ ਵਿਹਾਰਕ ਸਮੱਸਿਆਵਾਂ ਦਾ ਹੱਲ ਲੱਭਿਆ ਜਾਂਦਾ ਹੈ, ਉਸ ਨੂੰ ਵਿਗਿਆਨਕ ਵਿਧੀ ਕਿਹਾ ਜਾਂਦਾ ਹੈ। ਤਰਕ ਦਾ ਸੰਬੰਧ ਪ੍ਰਸਤਾਵਾਂ ਅਤੇ ਸਬੂਤਾਂ ਨਾਲ ਹੈ। ਤਰਕ ਸਚਾਈ ਤੇ ਨਿਰਭਰ ਕਰਦੀ ਹੈ। ਸਹੀ ਤਾਰਕਿਕ ਦਲੀਲ ਦੀ ਵਿਹਾਰਕ ਯੁਕਤਿ ਦੇ ਹੁਨਰ ਨੂੰ ਪ੍ਰਯੁਕਤ ਤਰਕ ਕਿਹਾ ਜਾਂਦਾ ਹੈ। ਪਰਿਕਲਪਨਾਵਾਂ ਦਾ ਪ੍ਰਮਾਣਯੋਗ ਹੋਣਾ ਲਾਜ਼ਮੀ ਹੈ। ਆਮ ਤੌਰ ‘ਤੇ ਪ੍ਰਮਾਣੀਕਰਨ ਪ੍ਰਯੋਗਾਂ ਅਤੇ ਨਿਰੀਖਣਾ ਰਾਹੀਂ ਸੰਪਨ ਕੀਤਾ ਜਾਂਦਾ ਹੈ। ਜਿਹੜੀ ਪਰਿਕਲਪਨਾ ਨਿਰੀਖਣ ਨੂੰ ਨਿਰਦੇਸ਼ ਦਿੰਦੀ ਹੈ, ਉਹ ਹੀ ਕਿਸੇ ਵਸਤੂ ਬਾਰੇ ਫੈਸਲਾ ਕਰਦੀ ਹੈ। ਸ਼੍ਰੇਣੀਕਰਨ ਵਿਗਿਆਨਕ ਅਨੇ੍ਵਸ਼ਣ ਦੇ ਗਿਆਨ ਨੂੰ ਸੰਗਠਤ ਕਰਨ ਵਿੱਚ ਸਹਾਈ ਹੁੰਦਾ ਹੈ। ਵਿਭਿੰਨ ਵਿਸ਼ਿਆਂ ਵਿੱਚ ਸ਼੍ਰੇਣੀਕਰਨ ਅਲੱਗ ਅਲੱਗ ਹੋ ਸਕਦਾ ਹੈ। ਵਸਤੂਆਂ ਦੇ ਕਾਰਨਾ ਦੀ ਖੋਜ ਸਾਡੀ ਵਿਗਿਆਨਕ ਵਿਧੀ ਦਾ ਸੁਭਾਵਕ ਮੰਤਵ ਹੈ। ਪ੍ਰਾਯਿਕਤਾ (ਸੰਭਾਵਨਾ) ਅਤੇ ਆਗਮਨ ਵਿੱਚ ਦਰਸਾਇਆ ਗਿਆ ਹੈ ਕਿ ਵਿਗਿਆਨਕ ਜਾਂਚ ਪੜਤਾਲ ਦੇ ਦੋ ਮੁੱਖ ਪਹਿਲੂ ਨਿਗਮਨ ਅਤੇ ਆਗਮਨ ਹੁੰਦੇ ਹਨ। ਆਗਮਨ ਨੂੰ ਆਧੁਨਿਕ ਵਿਗਿਆਨ ਦਾ ਤਰੀਕਾ ਕਿਹਾ ਜਾਂਦਾ ਹੈ। ਕਈ ਵਾਰ ਇਨ੍ਹਾਂ ਦੀਆਂ ਦਲੀਲਾਂ ਨੂੰ ਪਰਸਪਰ ਵਿਰੋਧਾਤਮਿਕ ਕਿਹਾ ਜਾਂਦਾ ਹੈ ਪ੍ਰਾਕ੍ਰਿਤਿਕ ਵਿਗਿਆਨ ਲਈ ਦੋਵੇਂ ਬਰਾਬਰ ਹਨ।

ਛੇਵਾਂ ਕਾਂਡ ਵਿਗਿਆਨਕ ਪ੍ਰਯੋਗੀਕਰਨ ਹੈ। ਉਪਯੋਗਤਾ, ਵਿਗਿਆਨ ਦਾ ਮੁੱਖ ਅਤੇ ਏਕਾਂਤ ਉਦੇਸ਼ ਹੈ। ਵਿਗਿਆਨ ਲਈ ਕੇਵਲ ਤੱਥਾਂ ਨਹੀਂ ਸਗੋਂ ਪ੍ਰਾਸੰਗਿਕ ਤੱਥਾਂ ਦੀ ਜ਼ਰੂਰਤ ਹੁੰਦੀ ਹੈ। ਵਿਗਿਆਨ ਸਵਾਲ ਉਠਾਉਂਦਾ ਹੈ ਅਤੇ ਉੱਤਰ ਕਿਸੇ ਹੱਦ ਤੱਕ ਸਚੇਤ ਨਿਰੀਖਣਾ ਨਾਲ ਦਿੱਤਾ ਜਾਂਦਾ ਹੈ। ਪ੍ਰਾਯੋਗਿਕ ਨਤੀਜੇ ਠੋਸ ਵਿਗਿਆਨਕ ਤੱਥ ਬਣਦੇ ਹਨ। ਸਿਧਾਂਤ ਬਗੈਰ ਪ੍ਰਯੋਗ ਮਨੋਰਥਹੀਣ, ਅਤੇ ਪ੍ਰਯੋਗ ਬਗੈਰ ਸਿਧਾਂਤ ਅਰਥਹੀਣ ਹੁੰਦਾ ਹੈ। ਟ੍ਲੰਗ ਉਹ ਚਿੰਨ੍ਹ ਹੈ ਜੋ ਕਿਸੇ ਹੋਰ ਚੀਜ਼ ਦਾ ਪ੍ਰਤੀਕ ਹੁੰਦਾ ਹੈ। ਇਸ ਲਈ ਟ੍ਲੰਗ ਦਾ ਸੰਕਲਪ ਵਿਗਿਆਨ ਲਈ ਬੜੀ ਮਹੱਤਤਾ ਰੱਖਦਾ ਹੈ। ਜਿੰਨੇ ਪ੍ਰਯੋਗ ਕੀਤੇ ਜਾਣਗੇ ਉਨੇ ਹੀ ਨਿਸ਼ਚਿਤ ਨਤੀਜੇ ਹੋਣਗੇ। ਪ੍ਰਯੋਗਿਕ ਨਤੀਜੇ ਉਪਯੁਕਤ ਹੋਣੇ ਚਾਹੀਦੇ ਹਨ। ਵਿਗਿਆਨ ਦੀ ਖਾਸੀਅਤ ਹੈ ਕਿ ਵਿਗਿਆਨਕ ਗਿਆਨ ਤੱਥਾਂ ਤੋਂ ਵਿਉਂਤਪਤਿ ਕੀਤਾ ਜਾਂਦਾ ਹੈ। ਸਾਧਾਰਣ ਰੂਪ ਵਿੱਚ ਸਿਧਾਂਤ ਦਾ ਸੰਬੰਧ ਸਰਵ ਵਿਆਪਕ ਕਥਨਾਂ ਨਾਲ ਹੈ। ਸਿਧਾਂਤ ਵਿੱਚ ਦੋਵੇਂ ਆਗਮਨ ਦਲੀਲ ਅਤੇ ਨਿਗਮਨ ਦਲੀਲ ਸ਼ਾਮਲ ਹੁੰਦੇ ਹਨ। ਵਿਗਿਆਨਕ ਸਿਧਾਂਤ ਸੋਧਿਆ ਜਾ ਸਕਦਾ ਹੈ। ਸਿਧਾਂਤ ਸਹੀ ਮਾਪਣਯੋਗ ਨਤੀਜਿਆਂ ਦੀ ਭਵਿਖਬਾਣੀ ਕਰਦਾ ਹੈ। ਵਿਗਿਆਨ ਬਾਖੂਬੀ ਨਾਲ ਪ੍ਰਮਾਣਿਤ ਕੀਤੇ ਸਿਧਾਂਤਾਂ ਦਾ ਸੰਗ੍ਰਹਿ ਹੈ, ਜਿਹੜੇ ਕੁਦਰਤੀ ਘਟਨਾਵਾਂ ਵਿਚਾਲੇ ਵਾਸਤਵਿਕ ਸਮਰੂਪਤਾ ਅਤੇ ਬਾਕਾਇਦਗੀ ਦੀ ਸ਼ਪਸ਼ਟ ਵਿਆਖਿਆ ਕਰਦੇ ਹਨ। ਸਿਧਾਂਤ ਰਚਣ ਦਾ ਸੰਬੰਧ ਤੱਥਾਂ ਨਾਲ ਹੈ, ਉਨ੍ਹਾਂ ਨੂੰ ਕਿਸੇ ਤਾਰਕਿਕ ਦਲੀਲ ਦੁਆਰਾ ਜੋੜ ਕੇ ਸਿਧਾਂਤ ਦਾ ਰੂਪ ਦਿੱਤਾ ਜਾਂਦਾ ਹੈ। ਆਗਮਨ ਦਲੀਲ ਲਈ ਪ੍ਰਸਥਿਤੀਆਂ ਲਈ ਜਾਣਕਾਰੀ ਵੀ ਅਵੱਸ਼ਕ ਹੈ। ਆਗਮਨਵਾਦੀ ਦਲੀਲ ਦਾ ਦਾਅਵਾ ਹੈ ਕਿ ਸਮੁੱਚਾ ਵਿਗਿਆਨਕ ਗਿਆਨ ਅਨੁਭਵ ਤਜ਼ਰਬੇ ਤੋਂ ਪੈਦਾ ਹੁੰਦਾ ਹੈ। ਉਸ ਦੀ ਪ੍ਰਮਾਣਿਕਤਾ ਨੂੰ ਆਗਮਨ ਦਲੀਲ ਨਾਲ ਸਾਬਤ ਕਰਦੇ ਹਾਂ। ਟ੍ਲੰਗ ਟ੍ਲੰਗੀ ਦੇ ਆਪਸੀ ਸੰਬੰਧ ਬਾਰੇ ਕਹਿ ਸਕਣ ਦੀ ਸਮਰੱਥਾ ਕਿਸੇ ਸਿਧਾਂਤ ਦਾ ਸੁਭਾਵਕ ਗੁਣ ਹੁੰਦਾ ਹੈ। ਪ੍ਰਕ੍ਰਿਤਕ ਵਿਗਿਆਨ ਦੇ ਸੰਕਲਪਾਂ ਲੱਦੇ ਸਿਧਾਂਤ ਗਣਿਤਵਿਗਿਆਨ ਦੀ ਭਾਸ਼ਾ ਵਿੱਚ ਵਿਅਕਤ ਕੀਤੇ ਜਾਂਦੇ ਹਨ। ਅੱਠਵਾਂ ਕਾਂਡ ਸਿਧਾਂਤਾਂ ਦਾ ਝੁਠਲਾਉਣੀਕਰਣ ਅਨੁਸਾਰ, ਕਈ ਸਿਧਾਂਤ, ਨਿਰੀਖਣਾਂ ਅਤੇ ਪ੍ਰਯੋਗਾਂ ਦੇ ਸਹਾਰੇ ਝੂਠੇ ਸਾਬਤ ਕੀਤੇ ਜਾ ਸਕਦੇ ਹਨ। ਝੁਠਲਾਉਣਵਾਦ ਨਵੇਂ ਵਿਚਾਰਾਂ ਨੂੰ ਜਨਮ ਦਿੰਦਾ ਹੈ। ਵਿਗਿਆਨਕ ਪਰਿਕ੍ਰਾਂਤੀਆਂ ਵਿੱਚ ਇੱਕ ਸਿਧਾਂਤਕ ਢਾਂਚੇ ਨੂੰ ਤਿਆਗ ਕੇ ਦੂਜੇ ਅਸੰਗਤਮਈ ਢਾਂਚੇ ਨੂੰ ਅਪਣਾਇਆ ਜਾਂਦਾ ਹੈ। ਨਿਯਮਾਂ, ਸਿਧਾਂਤਾਂ, ਪ੍ਰਯੁਕਤੀਆਂ ਅਤੇ ਉਪਕਰਣਾਂ ਨੂੰ ਮਿਲਾ ਕੇ ਇੱਕ ਖਾਸ ਵਿਗਿਆਨਕ ਖੋਜ ਦੀ ਸੰਸਕਤ ਪਰੰਪਰਾ ਉਗਮਦੀ ਹੈ, ਜਿਸ ਨੂੰ ਰੂਢਰੀਤਿ ਕਿਹਾ ਗਿਆ ਹੈ।

**261 ਪੰਨਿਆਂ, ਰੰਗਦਾਰ ਮੁੱਖ ਕਵਰ, 550 ਰੁਪਏ ਭਾਰਤ, 10.50 ਪੌਂਡ ਯੂ.ਕੇ.ਕੀਮਤ ਵਾਲੀ ਇਹ ਪੁਸਤਕ ਪੰਜਾਬੀ ਵਿਕਾਸ ਮੰਚ ਯੂ.ਕੇ.ਨੇ ਪ੍ਰਕਾਸ਼ਤ ਕੀਤੀ ਹੈ।**

# ਵਿਸ਼ਵ ਵਿਰਾਸਤ ਸਮਾਰਕਾਂ ਦੀ ਸੰਭਾਲ ਸਾਡੀ ਸਾਰਿਆਂ ਦੀ ਮੁੱਢਲੀ ਜ਼ਿੰਮੇਵਾਰੀ।

## ਵਿਸ਼ਵ ਵਿਰਾਸਤ ਦਿਵਸ ਦਾ ਉਦੇਸ਼ ਵਿਸ਼ਵ ਦੀਆਂ ਅਜਿਹੀਆਂ ਥਾਵਾਂ ਦੀ ਚੋਣ ਅਤੇ ਸੰਭਾਲ ਕਰਨਾ ਹੈ ਜੋ ਵਿਸ਼ਵ ਸੱਭਿਆਚਾਰ ਦੇ ਨਜ਼ਰੀਏ ਤੋਂ ਮਨੁੱਖਤਾ ਲਈ ਮਹੱਤਵਪੂਰਨ ਹਨ।



ਵਰਲਡ ਪੰਜਾਬੀ ਟਾਈਮਜ਼
ਲੈਕਚਰਾਰ ਲਲਿਤ ਗੁਪਤਾ



ਵਿਸ਼ਵ ਵਿਰਾਸਤ ਦਿਵਸ ਹਰ ਸਾਲ 18 ਅਪ੍ਰੈਲ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਇਹ ਇੱਕ ਸਾਲਾਨਾ ਸਮਾਗਮ ਅਤੇ ਤਿਉਹਾਰ ਹੈ। ਵਿਸ਼ਵ ਵਿਰਾਸਤ ਦਿਵਸ ਮਨਾਉਣ ਦਾ ਮਕਸਦ ਮਨੁੱਖਾਂ ਦੀ ਵਿਰਾਸਤ ਨੂੰ ਸੁਰੱਖਿਅਤ ਕਰਨਾ ਹੈ।

ਦੁਨੀਆ ਭਰ ਵਿੱਚ ਕਈ ਤਰ੍ਹਾਂ ਦੇ ਇਤਿਹਾਸਕ ਸਥਾਨ ਹਨ, ਜਿਨ੍ਹਾਂ ਦੀ ਸੁਰੱਖਿਆ ਲਈ ਇੱਕ ਸੰਸਥਾ ਦੀ ਸਿਰਜਣਾ ਦੀ ਲੋੜ ਸੀ ਜਿਸ ਨੇ ਕਈ ਤਰ੍ਹਾਂ ਦੇ ਮਾਹਿਰਾਂ ਨੂੰ ਇਕੱਠਾ ਕੀਤਾ, ਜਿਵੇਂ ਕਿ ਆਰਕੀਟੈਕਟ, ਇੰਜੀਨੀਅਰ, ਭੂਗੋਲ ਵਿਗਿਆਨੀ, ਸਿਵਲ ਇੰਜੀਨੀਅਰ, ਕਲਾਕਾਰ ਅਤੇ ਪੁਰਾਤੱਤਵ-ਵਿਗਿਆਨੀ।

ਇਨ੍ਹਾਂ ਸਾਰਿਆਂ ਨੇ ਮਿਲ ਕੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਸਥਿਤ ਮਹੱਤਵਪੂਰਨ ਸੱਭਿਆਚਾਰਕ ਇਮਾਰਤਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਣ ਦਾ ਬੀੜਾ ਚੁੱਕਿਆ ਅਤੇ ਆਪਣੀ ਸੰਸਥਾ ਦਾ ਨਾਂ ਯੂਨੈਸਕੋ ਰੱਖਿਆ।

ਦੱਸ ਦੇਈਏ ਕਿ ਦੁਨੀਆ ਭਰ ਦੇ 150 ਤੋਂ ਵੱਧ ਦੇਸ਼ਾਂ ਦੇ ਲਗਭਗ 10,000 ਮੈਂਬਰਾਂ ਨੇ ਇਸ ਵਿੱਚ ਹਿੱਸਾ ਲਿਆ ਹੈ ਅਤੇ ਉਨ੍ਹਾਂ 10,000 ਮੈਂਬਰਾਂ ਵਿੱਚੋਂ 400 ਤੋਂ ਵੱਧ ਮੈਂਬਰ ਰਾਸ਼ਟਰੀ ਕਮੇਟੀ ਅਤੇ ਅੰਤਰਰਾਸ਼ਟਰੀ ਵਿਗਿਆਨ ਕਮੇਟੀ ਦੇ ਮੈਂਬਰ ਹਨ। ਇਹ ਸਾਰੇ ਲੋਕ ਮਹੱਤਵਪੂਰਨ ਸਥਾਨਾਂ ਨੂੰ ਬਚਾਉਣ ਅਤੇ ਆਪਣੀ ਪਛਾਣ ਨੂੰ ਬਚਾਉਣ ਲਈ ਇਕੱਠੇ ਕੰਮ ਕਰਦੇ ਹਨ।

ਵਿਸ਼ਵ ਵਿਰਾਸਤ ਦਿਵਸ ਸਾਲ 1982 ਵਿਚ 18 ਅਪ੍ਰੈਲ ਨੂੰ ਮਨਾਉਣ ਦਾ ਐਲਾਨ ਕੀਤਾ ਗਿਆ ਸੀ ਅਤੇ ਇਸ ਨੂੰ ਯੂਨੈਸਕੋ ਜਨਰਲ ਅਸੈਂਬਲੀ ਦੁਆਰਾ 1 ਸਾਲ ਬਾਅਦ ਹੀ ਮਾਨਤਾ ਦਿੱਤੀ ਗਈ ਸੀ, ਯਾਨੀ ਕਿ ਸਾਲ 1983 ਵਿਚ, ਤਾਂ ਜੋ ਮਨੁੱਖਾਂ ਵਿਚ ਸੱਭਿਆਚਾਰਕ ਵਿਰਾਸਤ ਦੀ ਮਹੱਤਤਾ ਬਾਰੇ ਜਾਗਰੂਕਤਾ ਵਧੇ ਅਤੇ ਲੋਕ ਵਿਰਾਸਤ ਪ੍ਰਤੀ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਸਮਝ ਸਕਣ ।

ਸਾਲ 1982 ਵਿੱਚ, 18 ਅਪ੍ਰੈਲ ਨੂੰ, ਪਹਿਲਾ ਵਿਸ਼ਵ ਵਿਰਾਸਤ ਦਿਵਸ ਟਿਊਨੀਸ਼ੀਆ ਦੇਸ਼ ਵਿੱਚ ਅੰਤਰਰਾਸ਼ਟਰੀ ਸਮਾਰਕ ਅਤੇ ਸਥਾਨਾਂ ਦੀ ਕੌਂਸਲ ਦੁਆਰਾ ਮਨਾਇਆ ਗਿਆ ਸੀ।

ਯੂਨੈਸਕੋ ਨੇ ਵਿਸ਼ਵ ਵਿਰਾਸਤੀ ਸਥਾਨਾਂ ਦੀਆਂ ਤਿੰਨ ਸੂਚੀਆਂ ਵਿੱਚ ਸ਼ਾਮਲ ਕੀਤਾ ਹੈ, ਜੋ ਇਸ ਪ੍ਰਕਾਰ ਹਨ।

ਕੁਦਰਤੀ ਵਿਰਾਸਤੀ ਸਥਾਨ

ਸੱਭਿਆਚਾਰਕ ਵਿਰਾਸਤੀ ਸਥਾਨ

ਮਿਕਸਡ ਹੈਰੀਟੇਜ ਸਾਈਟ

ਵਿਸ਼ਵ ਵਿਰਾਸਤ ਦਿਵਸ 18 ਅਪ੍ਰੈਲ ਨੂੰ ਵਿਸ਼ਵ ਭਰ ਵਿੱਚ ਇੱਕ ਸਾਲਾਨਾ ਸਮਾਗਮ ਹੈ। ਇਸ ਸਮਾਗਮ ਨੂੰ ਮਨਾਉਣ ਦਾ ਮੁੱਖ ਉਦੇਸ਼ ਤਿੰਨਾਂ ਵਰਗਾਂ ਦੇ ਵਿਰਸੇ ਨੂੰ ਅਗਲੀ ਪੀੜ੍ਹੀ ਲਈ ਸੰਭਾਲਣਾ ਅਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਨੂੰ ਦੁਨੀਆਂ ਦੇ ਸਾਹਮਣੇ ਰੱਖਣਾ ਹੈ।

ਸਾਲ 2023 ਤੱਕ ਦੁਨੀਆ ਭਰ ਦੀਆਂ 1157 ਸਾਈਟਾਂ ਨੂੰ ਯੂਨੈਸਕੋ ਵੱਲੋਂ ਵਿਸ਼ਵ ਵਿਰਾਸਤੀ ਸਥਾਨਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਥਾਵਾਂ ਨੂੰ ਯੂਨੈਸਕੋ ਵੱਲੋਂ ਵਿਸ਼ਵ ਵਿਰਾਸਤ ਫੰਡ ਦਿੱਤਾ ਗਿਆ ਹੈ। ਇਨ੍ਹਾਂ ਸਾਰੀਆਂ ਸਾਈਟਾਂ ਵਿੱਚ, 900 ਸੱਭਿਆਚਾਰਕ ਸਾਈਟਾਂ, 218 ਕੁਦਰਤੀ ਸਾਈਟਾਂ ਅਤੇ 39 ਮਿਕਸਡ ਸਾਈਟਾਂ ਹਨ। ਵਿਸ਼ਵ ਵਿਰਾਸਤ ਦਿਵਸ, ਵਿਸ਼ਵ ਦੀਆਂ ਇਨ੍ਹਾਂ ਥਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ।

ਅਜਿਹੀਆਂ ਵਿਰਾਸਤੀ ਥਾਵਾਂ ਨੂੰ ਯੂਨੈਸਕੋ ਦੁਆਰਾ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਸੂਚੀਬੱਧ ਕੀਤਾ ਗਿਆ ਹੈ।

ਇਟਲੀ ਕੋਲ ਦੁਨੀਆ ਦੀਆਂ ਸਭ ਤੋਂ ਵੱਡੀਆਂ ਵਿਸ਼ਵ ਵਿਰਾਸਤ ਸਾਈਟਾਂ 58 ਹਨ । ਇਸ ਤੋਂ ਇਲਾਵਾ ਚੀਨ ਵਿੱਚ 56, ਸਪੇਨ ਵਿੱਚ 49, ਫਰਾਂਸ ਵਿੱਚ 41, ਜਰਮਨੀ ਵਿੱਚ 51, ਮੈਕਸੀਕੋ ਵਿੱਚ 35, ਸਾਡੇ ਦੇਸ਼ ਭਾਰਤ ਵਿੱਚ 40 ਅਜਿਹੀਆਂ ਥਾਵਾਂ ਨੂੰ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਜਿਸ ਵਿੱਚ 32 ਸੱਭਿਆਚਾਰਕ ਸਥਾਨ ਅਤੇ 7 ਕੁਦਰਤੀ ਸਥਾਨ ਹਨ।

ਭਾਰਤ ਨੂੰ ਅਧਿਆਤਮਿਕ ਜੀਵਨ ਦਰਸ਼ਨ, ਸਾਹਿਤ, ਲਲਿਤ ਕਲਾ, ਸੱਭਿਆਚਾਰ, ਭਾਸ਼ਾ ਆਦਿ ਸਦੀਆਂ ਪੁਰਾਣੀ ਵਿਰਾਸਤ ਵਜੋਂ ਮਿਲਿਆ ਹੈ। ਭਾਰਤ ਦੀ ਵਿਰਾਸਤ ਦੀ ਦੁਨੀਆ ਭਰ ਵਿੱਚ ਆਪਣੀ ਵਿਲੱਖਣ ਪ੍ਰਵੇਸ਼ ਹੈ, ਜਿਸ ਨੂੰ ਵੇਖਣ ਅਤੇ ਸਮਝਣ ਲਈ ਹਰ ਸਾਲ ਲੱਖਾਂ ਲੋਕ ਆਉਂਦੇ ਹਨ।

ਸਾਡੇ ਦੇਸ਼ ਵਿੱਚ, ਭਾਰਤੀ ਦਰਸ਼ਨ, ਅਧਿਆਤਮਿਕਤਾ, ਧਾਰਮਿਕ ਸਹਿਣਸ਼ੀਲਤਾ, ਅਨੇਕਤਾ ਵਿੱਚ ਏਕਤਾ ਅਤੇ ਇਤਿਹਾਸਕ ਵਿਰਾਸਤ ਕੁਝ ਵਿਲੱਖਣ ਵਿਰਾਸਤ ਹਨ, ਜਿਨ੍ਹਾਂ 'ਤੇ ਹਰ ਭਾਰਤੀ ਨੂੰ ਮਾਣ ਹੈ।

ਅੱਜ ਭਾਰਤ ਵਿੱਚ ਹਿੰਦੂ, ਮੁਸਲਿਮ, ਸਿੱਖ, ਈਸਾਈ, ਬੋਧੀ, ਜੈਨ, ਪਾਰਸੀ, ਯਹੂਦੀ ਸਭ ਧਰਮਾਂ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ। ਭਾਰਤ ਦੇ ਸੰਵਿਧਾਨ ਨੇ ਵੀ ਰਾਜ ਨੂੰ ਧਰਮ ਤੋਂ ਵੱਖ ਰੱਖ ਕੇ ਧਰਮ ਨਿਰਪੱਖਤਾ ਦੇ ਵਿਚਾਰ ਨੂੰ ਅਪਣਾਇਆ ਹੈ। ਸਾਡੇ ਦੇਸ਼ ਵਿੱਚ 40 ਅਜਿਹੀਆਂ ਇਮਾਰਤਾਂ, ਗੁਫਾਵਾਂ, ਸ਼ਹਿਰ ਅਤੇ ਸਥਾਨ ਹਨ ਜਿਨ੍ਹਾਂ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤ ਵਿੱਚ ਸ਼ਾਮਲ ਕੀਤਾ ਗਿਆ ਹੈ।

ਭਾਰਤ ਵਿੱਚ ਵਰਤਮਾਨ ਵਿੱਚ 2023 ਵਿੱਚ ਕੁੱਲ 40 ਵਿਸ਼ਵ ਵਿਰਾਸਤ ਸਾਈਟਾਂ ਹਨ। ਸਾਲ 27 ਜੁਲਾਈ 2021 ਵਿੱਚ, ਗੁਜਰਾਤ ਰਾਜ ਵਿੱਚ ਸਥਿਤ ਸਿੰਧੂ ਘਾਟੀ ਦੀ ਸਭਿਅਤਾ ਦੇ ਇੱਕ ਮਸ਼ਹੂਰ ਸਥਾਨ ਧੋਲਾਵੀਰਾ ਨੂੰ ਭਾਰਤ ਦੀ 40ਵੀਂ ਵਿਸ਼ਵ ਵਿਰਾਸਤੀ ਸਾਈਟ ਘੋਸ਼ਿਤ ਕੀਤਾ ਗਿਆ ਸੀ।

ਆਗਰਾ ਫੋਰਟ, ਅਜੰਤਾ ਗੁਫਾਵਾਂ, ਏਲੋਰਾ ਗੁਫਾਵਾਂ, ਮਹਾਰਾਸ਼ਟਰ (1983), ਤਾਜ ਮਹਿਲ, ਮਹਾਬਲੀਪੁਰਮ ਸੂਰਜ ਮੰਦਰ, ਕੋਨਾਰਕ ਗੋਆ ਦੇ ਚਰਚ ਅਤੇ ਸੰਮੇਲਨ

ਫਤਿਹਪੁਰ ਸੀਕਰੀ, ਹੰਪੀ ਵਿਖੇ ਸਮਾਰਕਾਂ ਦਾ ਸਮੂਹ ਖਜੁਰਾਹੋ ਸਮਾਰਕਾਂ ਦਾ ਸਮੂਹ, ਐਲੀਫੈਂਟਾ ਗੁਫਾਵਾਂ, ਮਹਾਰਾਸ਼ਟਰ (1987), ਮਹਾਨ ਚੋਲਾ ਮੰਦਰ, ਤਾਮਿਲਨਾਡੂ (1987), ਪੱਤਦਕਲ, ਕਰਨਾਟਕ (1987), ਸਾਂਚੀ, ਮੱਧ ਪ੍ਰਦੇਸ਼ ਵਿਖੇ ਬੋਧੀ ਸਮਾਰਕ (1989) , ਹੁਮਾਯੂੰ ਦਾ ਮਕਬਰਾ, ਦਿੱਲੀ (1993), ਕੁਤੁਬ ਮੀਨਾਰ ਅਤੇ ਇਸਦੇ ਸਮਾਰਕ,ਦਿੱਲੀ,ਭਾਰਤ ਦਾ ਪਹਾੜੀ ਰੇਲਵੇ (ਦਾਰਜੀਲਿੰਗ/ਨੀਲਗਿਰੀਸ/ਸ਼ਿਮਲਾ),ਪੱਛਮੀਬੰਗਾਲ/ਤਾਮਿਲਨਾਡੂ/ ਹਿਮਾਚਲ ਪ੍ਰਦੇਸ਼ , ਮਹਾਬੋਧੀ ਵਿਖੇ ਬੋਧ ਗਯਾ ਮੰਦਿਰ ਕੰਪਲੈਕਸ, ਬਿਹਾਰ , ਭੀਮਬੇਟਕਾ ਦੇ ਰੌਕ ਸ਼ੈਲਟਰਸ, ਮੱਧ ਪ੍ਰਦੇਸ਼ , ਚੰਪਾਨੇਰ- ਪਾਵਾਗੜ੍ਹ ਪੁਰਾਤੱਤਵ ਪਾਰਕ, ਗੁਜਰਾਤ, ਛਤਰਪਤੀ ਸ਼ਿਵਾਜੀ ਟਰਮੀਨਸ (ਪਹਿਲਾਂ ਵਿਕਟੋਰੀਆ ਟਰਮੀਨਸ),

ਲਾਲ ਕਿਲਾ ਕੰਪਲੈਕਸ, ਦਿੱਲੀ (2007), ਜੰਤਰ ਮੰਤਰ, ਜੈਪੁਰ, ਰਾਜਸਥਾਨ ਦੇ ਪਹਾੜੀ ਕਿਲ੍ਹੇ, ਰਾਣੀ ਕੀ ਵਾਵ, ਪਾਟਨ ਨਾਲੰਦਾ, ਲੇ ਕੋਰਬੁਜ਼ੀਅਰ ਦੀ ਆਰਕੀਟੈਕਚਰ ਕਰਿਆ, ਚੰਡੀਗੜ੍ਹ , ਅਹਿਮਦਾਬਾਦ, ਵਿਕਟੋਰੀਅਨ ਗੋਥਿਕ ਅਤੇ ਆਰਟ ਡੇਕੋ, ਜੈਪੁਰ, ਕਾਕਤੀਆ ਰੁਦਰੇਸ਼ਵਰ (ਰਾਮੱਪਾ) ਮੰਦਿਰ, ਤੇਲੰਗਾਨਾ (2021), ਧੋਲਾਵੀਰਾ: ਹੜੱਪਨ ਸਿਟੀ, ਗੁਜਰਾਤ (2021)

ਕੁਦਰਤੀ:-

ਕਾਜ਼ੀਰੰਗਾ ਨੈਸ਼ਨਲ ਪਾਰਕ, ਅਸਾਮ (1985), ਕੇਓਲਾਦੇਓ ਨੈਸ਼ਨਲ ਪਾਰਕ, ਰਾਜਸਥਾਨ (1985), ਮਾਨਸ ਵਾਈਲਡਲਾਈਫ ਸੈਂਚੁਰੀ, ਅਸਮ (1985), ਨੰਦਾ ਦੇਵੀ ਅਤੇ ਫੁੱਲਾਂ ਦੀ ਘਾਟੀ ਨੈਸ਼ਨਲ ਪਾਰਕ, ਉੱਤਰਾਖੰਡ (1988), ਸੁੰਦਰਬਨ ਨੈਸ਼ਨਲ ਪਾਰਕ, ਪੱਛਮੀ ਬੰਗਾਲ (1987) ,ਪੱਛਮੀ ਘਾਟ, ਗੁਜਰਾਤ, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ, ਕੇਰਲਾ (2012), ਗ੍ਰੇਟ ਹਿਮਾਲੀਅਨ ਨੈਸ਼ਨਲ ਪਾਰਕ, ਹਿਮਾਚਲ ਪ੍ਰਦੇਸ਼ (2014)

ਮਿਸ਼ਰਤ:-ਖੰਗੇਂਦਜ਼ੋਗਾ (ਕੰਚਨਜੰਗਾ) ਨੈਸ਼ਨਲ ਪਾਰਕ, ਸਿੱਕਮ (2016)

ਇਤਿਹਾਸ ਨਾਲ ਸਬੰਧਤ ਕਈ ਮਹੱਤਵਪੂਰਨ ਸਥਾਨ ਭਾਰਤ ਦੀ ਵਿਰਾਸਤ ਦਾ ਹਿੱਸਾ ਹਨ। ਜਿਸ ਵਿੱਚ ਨਾਲੰਦਾ, ਰਾਜਗੀਰ, ਬੋਧ ਗਯਾ ਅਤੇ ਵੈਸ਼ਾਲੀ ਗੌਤਮ ਬੁੱਧ ਨਾਲ ਸਬੰਧਤ ਸਥਾਨ ਹਨ।

ਇਸੇ ਤਰ੍ਹਾਂ ਕੁਰੂਕਸ਼ੇਤਰ, ਮਥੁਰਾ, ਵਾਰਾਣਸੀ, ਪ੍ਰਯਾਗ, ਹਰਿਦੁਆਰ, ਸਾਰਨਾਥ, ਅਯੁੱਧਿਆ, ਖਜੁਰਾਹੋ, ਸਾਂਚੀ, ਅਜੰਤਾ, ਐਲੋਰਾ, ਪੁਰੀ ਆਦਿ ਭਾਰਤ ਦੇ ਸਾਰੇ ਇਤਿਹਾਸਕ ਸਥਾਨ ਸਾਡੀ ਵਿਰਾਸਤ ਦਾ ਸਰਮਾਇਆ ਹਨ।

ਭਾਰਤ ਦੇ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਨ ਲਈ ਲੱਖਾਂ ਵਿਦੇਸ਼ੀ ਸੈਲਾਨੀ ਭਾਰਤ ਆਉਂਦੇ ਹਨ। ਮੁਗਲ ਆਰਕੀਟੈਕਚਰ ਅਤੇ ਲਲਿਤ ਕਲਾ ਦੁਨੀਆ ਵਿੱਚ ਆਪਣੀ ਇੱਕ ਵੱਖਰੀ ਪਛਾਣ ਰੱਖਦੇ ਹਨ।

ਜਿਸ ਵਿੱਚ ਆਗਰਾ ਦਾ ਤਾਜ ਮਹਿਲ, ਦਿੱਲੀ ਦਾ ਲਾਲ ਕਿਲਾ, ਕੁਤੁਬ ਮੀਨਾਰ ਆਦਿ ਸ਼ਾਮਲ ਹਨ। ਮਹਾਰਾਸ਼ਟਰ ਦੇ ਅਜੰਤਾ ਅਤੇ ਐਲੋਰਾ ਗੁਫਾਵਾਂ, ਬਿਹਾਰ ਦੇ ਨਾਲੰਦਾ ਅਤੇ ਓਡੀਸ਼ਾ ਦੇ ਪੁਰੀ ਵਰਗੇ ਮਹੱਤਵਪੂਰਨ ਸਥਾਨਾਂ 'ਤੇ ਸਰਕਾਰ ਦੀਆਂ ਕਈ ਯੋਜਨਾਵਾਂ ਕੰਮ ਕਰ ਰਹੀਆਂ ਹਨ।

ਭਾਰਤ ਦੇ ਅਧਿਆਤਮਿਕ ਸ਼ਹਿਰ ਕਾਸ਼ੀ ਦੀ ਪੁਨਰ ਸੁਰਜੀਤੀ ਭਾਰਤ ਦੀ ਵਿਰਾਸਤ ਨੂੰ ਬਚਾਉਣ ਦੀ ਦਿਸ਼ਾ ਵਿੱਚ ਇੱਕ ਮੀਲ ਪੱਥਰ ਹੈ।

ਭਾਰਤੀ ਸ਼ਾਸਤਰੀ ਸੰਗੀਤ ਦਾ ਵਿਸ਼ਵ ਵਿੱਚ ਇੱਕ ਵੱਖਰਾ ਸਥਾਨ ਹੈ। ਕਲਾਸੀਕਲ ਤੋਂ ਇਲਾਵਾ ਹੋਰ ਗੀਤ ਸ਼ੈਲੀਆਂ ਹੇਠਾਂ ਦਿੱਤੀਆਂ ਗਈਆਂ ਹਨ। ਧਰੁਪਦ, ਧਮਰ, ਖਿਆਲ, ਤਰਨਾ, ਠੁਮਰੀ, ਗ਼ਜ਼ਲ,ਭਜਨ, ਗੀਤ, ਲੋਕ ਗੀਤ ਆਦਿ ਭਾਰਤ ਦੇ ਸੰਗੀਤ ਦੀਆਂ ਪੁਰਾਤਨ ਸ਼ੈਲੀਆਂ ਹਨ।

ਕੋਈ ਪ੍ਰਾਚੀਨ ਇਤਿਹਾਸਕ ਸਥਾਨ, ਇਮਾਰਤ ਜਾਂ ਸਮਾਰਕ ਦੇਸ਼ ਦੀ ਸਭਿਅਤਾ ਅਤੇ ਸੱਭਿਆਚਾਰ ਦਾ ਸੂਚਕ ਹੈ। ਇਹ ਸਮਾਰਕ ਸਾਡੇ ਦੇਸ਼ ਦੇ ਗੌਰਵਮਈ ਇਤਿਹਾਸ ਨੂੰ ਜਾਣਨ ਲਈ ਬਹੁਤ ਮਹੱਤਵ ਰੱਖਦੇ ਹਨ। ਸਾਡੀ ਪੁਰਾਤੱਤਵ ਵਿਰਾਸਤ ਸਾਡੇ ਮਾਣਮੱਤੇ ਸੱਭਿਆਚਾਰ ਦਾ ਹਿੱਸਾ ਹੈ।

ਸਾਡੇ ਸੱਭਿਆਚਾਰ ਨੂੰ ਲੰਮੇ ਸਮੇਂ ਤੱਕ ਜਿਉਂਦਾ ਰੱਖਣ ਲਈ ਇਨ੍ਹਾਂ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ। ਅਜਿਹੇ ਸੱਭਿਆਚਾਰਕ ਵਿਰਸੇ ਅਤੇ ਵਿਰਾਸਤ ਨੂੰ ਬਰਕਰਾਰ ਰੱਖਣਾ ਕੌਮੀ ਫਰਜ਼ ਹੈ। ਵਿਰਸਾ ਸਾਡੀ ਸੱਭਿਅਤਾ ਦੇ ਸੱਭਿਆਚਾਰ ਦਾ ਅਨਿੱਖੜਵਾਂ ਚਿੰਨ੍ਹ ਹੈ, ਜਿਸ ਦੀ ਰਾਖੀ ਕਰਨਾ ਸਾਡੀਆਂ ਸਾਰੀਆਂ ਪੀੜ੍ਹੀਆਂ ਦੀ ਜ਼ਿੰਮੇਵਾਰੀ ਹੈ। ਇਨ੍ਹਾਂ ਪਰੰਪਰਾਵਾਂ ਨੂੰ ਸਹੀ ਤਰੀਕੇ ਨਾਲ ਵਿਸ਼ਵ ਪੱਧਰ 'ਤੇ ਪਹੁੰਚਾਉਣਾ ਸਾਡਾ ਉਦੇਸ਼ ਹੋਣਾ ਚਾਹੀਦਾ ਹੈ। ਸੱਭਿਆਚਾਰਕ ਸਮਾਰਕਾਂ ਦੀ ਸੰਭਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਕੰਮ ਕਰਦੀ ਹੈ। ਭਾਰਤੀ ਸੰਸਕ੍ਰਿਤੀ ਦੀ ਬਹਾਲੀ ਨਾਲ ਭਾਰਤ ਇੱਕ ਵਾਰ ਫਿਰ ਵਿਸ਼ਵ ਗੁਰੂ ਬਣੇਗਾ ਅਤੇ ਸਾਡਾ ਸਮਾਜ ਹੀ ਨਹੀਂ ਬਲਕਿ ਪੂਰੀ ਦੁਨੀਆ ਸਾਡੇ ਪੁਰਖਿਆਂ ਵੱਲੋਂ ਕੀਤੇ ਕੰਮਾਂ 'ਤੇ ਮਾਣ ਮਹਿਸੂਸ ਕਰੇਗੀ।